''ਨਹੀਂ'' ਮਲਦੀਪ ਦੇ ਪਿਤਾ ਜੀ ਨੇ ਆਖਣਾ ਸ਼ੁਰੂ ਕੀਤਾ ''ਪੁੱਤਰ ਕਾਰਨ ਇਹ ਹੈ ਕਿ ਮੈਂ ਅਜਿਹਾ ਲੜਕਾ ਚਾਹੁੰਦਾ ਹਾਂ ਜੋ ਮੇਰੀ ਧੀ ਨੂੰ ਪਿਆਰ ਕਰੇ, ਉਸਨੂੰ ਸੁਖੀ ਰੱਖੇ। ਅਮੀਰਾਂ ਦੇ ਪੁੱਤਰ ਅਜੀਬ ਹੁੰਦੇ ਹਨ। ਉਨ੍ਹਾਂ ਲਈ ਸੁਹੱਪਣ ਹੀ ਸਭ ਕੁਝ ਹੁੰਦਾ ਹੈ। ਗੁਣਾਂ ਦੀ ਉਹ ਕਦਰ ਨਹੀਂ ਕਰ ਸਕਦੇ। ਉਨ੍ਹਾਂ ਦੀ ਨਿਗਾਹ ਵਿਚ ਵਿਦਿਆ ਹੀ ਸਭ ਕੁਝ ਨਹੀਂ ਹੁੰਦੀ। ਸਿਰਫ਼ ਉਹੀ ਚਿੱਟਾ ਚੰਮ ਚਾਹੁੰਦੇ ਨੇ। ਇਸ ਕਰਕੇ ਮੈਂ ਆਪ ਜਿਹੇ ਸਾਊ ਜਵਾਨ ਨਾਲ ਆਪਣੀ ਕੁੜੀ ਦਾ ਰਿਸ਼ਤਾ ਕਰਨਾ ਚਾਹੁੰਦਾ ਹਾਂ।''

ਉਸਨੇ ਅਨੁਮਾਨ ਲਗਾ ਲਿਆ ਕਿ ਕੁੜੀ ਜ਼ਰੂਰ ਕਾਲੀ ਤੇ ਕਰੂਪ ਹੋਣੀ ਹੈ ਜਿਸ ਕਰਕੇ ਮੇਰੇ ਜਿਹੇ ਨਿਗੁਣੇ ਕਲਰਕ ਨਾਲ ਉਸਦਾ ਨਰੜਨਾਂ ਚਾਹੁੰਦਾ ਹੈ। ਉਹ ਕੁਝ ਚਿਰ ਨੀਵੀਂ ਪਾਈ ਬੈਠਾ ਰਿਹਾ ਫਿਰ ਪੋਲੇ ਆਖਣ ਲੱਗਾ:

''ਮੈਂ ਲੜਕੀ ਦੇਖਣੀ ਚਾਹੁੰਦਾ ਹਾਂ।'' ''ਕਾਕਾ ਦੇਖ ਨਾ, ਉਹ ਆਖਰ ਲੜਕੀ ਹੀ ਹੈ।'' ਪਿਤਾ ਜੀ ਨੇ ਉਦਾਸ ਹੁੰਦਿਆ ਆਖਿਆ ''ਨਾਲੇ ਲੜਕੀ ਦਿਖਾਉਣ ਦਾ ਰਿਵਾਜ਼ ਨਹੀਂ।'' ''ਪਰ ਮੇਰੀ ਜ਼ਿੰਦਗੀ ਦਾ ਸਵਾਲ ਹੈ। ਮੈਂ ਲੜਕੀ ਦੇਖੇ ਬਿਨ੍ਹਾਂ ਹਾਂ ਨਹੀਂ ਕਰ ਸਕਦਾ।''

''ਅਛਾ ਫਿਰ ਤੁਸੀਂ ਐਤਵਾਰ ਸ਼ਾਮ ਨੂੰ ਆ ਜਾਣਾ'' ਆਖ ਕੇ ਪਿਤਾ ਜੀ ਆਪਣੇ ਘਰ ਨੂੰ ਤੁਰ ਪਏ। ਐਤਵਾਰ ਸ਼ਾਮ ਨੂੰ ਉਹ ਮਨਦੀਪ ਨੂੰ ਦੇਖਣ ਗਿਆ। ਉਸਨੇ ਮੁਲਕਾਤ ਕੀਤੀ। ਫਿਰ ਚੁੱਪ ਚਾਪ ਨੀਵੀਂ ਪਾਈ ਬੈਠਾ ਰਿਹਾ। ਚਾਹ ਆ ਗਈ। ਚਾਹ ਪੀ ਕੇ ਉਹ ਵਾਪਸ ਆ ਗਿਆ ਅਤੇ ਘਰ ਆ ਕੇ ਰੱਬ ਦਾ ਲੱਖ ਲੱਖ ਸ਼ੁਕਰ ਕੀਤਾ ਕਿ ਉਹ ਬੱਚ ਗਿਆ। ਉਸਨੇ ਕੁਝ ਦਿਨਾਂ ਪਿੱਛੋਂ ਜਵਾਬ ਦੇ ਦਿੱਤਾ ਕਿ ਮੇਰਾ ਹਾਲੇ ਵਿਆਹ ਕਰਵਾਉਣ ਦਾ ਵਿਚਾਰ ਨਹੀਂ ਹੈ। ਮਨਦੀਪ ਦੀ ਸ਼ਕਲ ਸੂਰਤ ਅਜੀਬ ਸੀ। ਉਸਦਾ ਰੰਗ ਬਹੁਤ ਹੀ ਕਾਲਾ, ਕੱਦ ਮੱਧਰਾ ਤੇ ਸ਼ਰੀਰ ਭਾਰਾ ਸੀ। ਚਿੱਟੇ ਦੰਦ ਉਸਨੂੰ ਹੋਰ ਵੀ ਕਰੂਪ ਬਣਾਉਂਦੇ ਸਨ। ਉਸਦੀਆ ਅੱਖਾਂ ਡਰਾਵਣੀਆਂ ਅਤੇ ਵਾਲਾਂ ਵਿਚ ਧੌਲੇ ਸਨ। ਉਸਦੀ ਕਰੂਪਤਾ ਨੂੰ ਦੇਖ ਕੇ ਕੋਈ ਵੀ ਉਸ ਨਾਲ ਵਿਆਹ ਕਰਾਉਣ ਲਈ ਤਿਆਰ ਨਾ ਹੋਇਆ। ਜੋ ਆਉਂਦਾ ਦੇਖ ਕੇ ਚਲਾ ਜਾਂਦਾ ਤੇ ਫਿਰ ਜਵਾਬ ਆ ਜਾਂਦਾ ਕਿ ਸਾਡਾ ਵਿਆਹ ਕਰਾਉਣ ਦਾ ਅਜੇ ਵਿਚਾਰ ਨਹੀਂ ਹੈ।

ਮਨਦੀਪ ਦੇ ਪਿਤਾ ਜੀ ਬਹੁਤ ਹੀ ਉਦਾਸ ਸਨ। ਉਹ ਹਾਰ ਹੰਭ ਕੇ ਬੈਠ ਗਏ। ਉਹ ਬਿਮਾਰ ਹੋ ਗਏ ਤੇ ਇਕ ਦਿਨ ਦਿਲ ਦੇ ਦੌਰੇ ਨੇ ਉਨ੍ਹਾਂ ਦੇ ਸਾਰੇ ਕਸ਼ਟ ਹਰ ਲਏ। ਮਨਦੀਪ ਅੰਤਾਂ ਦੀ ਉਦਾਸ ਹੋ ਗਈ। ਉਸਨੇ ਮਿਸਨ ਹਸਪਤਾਲ ਵਿਚ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ। ਉਹ ਬਹੁਤ ਹੀ ਮਿਹਨਤ ਨਾਲ ਕੰਮ ਕਰਦੀ। ਸਾਰਿਆ ਦੇ ਕੰਮ ਬੜੇ ਚਾਅ ਨਾਲ ਕਰਦੀ। ਰੋਗੀ ਉਸਤੋਂ ਬਹੁਤ ਹੀ ਪ੍ਰਭਾਵਿਤ ਤੇ ਖੁਸ਼ ਸਨ। ਪਰ ਉਸਦਾ ਅੰਦਰ ਪਿਆਰ ਭੁੱਖ ਨਾਲ ਚੀਕ ਰਿਹਾ ਸੀ, ਕਿਉਂਕਿ ਦੁਨੀਆ ਵਿਚ ਕੋਈ ਵੀ ਅਜਿਹਾ ਪ੍ਰਾਣੀ ਨਹੀਂ ਜਿਸਨੂੰ ਪਿਆਰ ਭੁੱਖ ਨਾ ਹੋਵੇ ਤੇ ਖੁਸ਼ੀ ਉਸ ਪਾਸੋਂ ਸਾਂਭੀ ਨਾ ਜਾਏ। ਪ੍ਰਕਾਸ਼ ਵੀ ਮਨਦੀਪ ਵਰਗਾ ਕਰੂਪ ਅਤੇ ਕੁਹਜਾ ਜਿਹਾ ਮਨੁੱਖ ਸੀ। ਉਹ ਮਨਦੀਪ ਨੂੰ ਬਹੁਤ ਹੀ ਸਤਿਕਾਰ ਭਰੇ ਮਿੱਠੇ-ਮਿੱਠੇ ਸ਼ਬਦਾਂ ਨਾਲ ਬੁਲਾਉਂਦਾ। ਪਰ ਕਦੇ ਵੀ ਉਸਨੇ ਪਿਆਰ ਜਾਹਰ ਨਾ ਕੀਤਾ। ਮਨਦੀਪ ਨੇ ਸੋਚਿਆ ਕਿ ਉਹ ਸੰਗਦਾ ਹੈ। ਇਸ ਲਈ ਮੈਂ ਖੁਦ ਹੀ ਕਿਸੇ ਦਿਨ ਉਸਨੂੰ ਆਖ ਦੇਣਾ ਹੈ ਕਿ ਮੈਨੂੰ ਤੇਰੇ ਨਾਲ ਪਿਆਰ ਏ।

ਇਕ ਸ਼ਾਮ ਪ੍ਰਕਾਸ਼ ਮਨਦੀਪ ਦੇ ਘਰ ਕਿਸੇ ਹਸਪਤਾਲ ਦੇ ਕੰਮ ਆਇਆ! ਮਨਦੀਪ ਲਈ ਉਹ ਖੁਸ਼ੀ ਦਾ ਸੰਦੇਸ਼ ਸੀ। ਉਸਨੇ ਜਲਦੀ ਜਲਦੀ ਚਾਹ ਬਣਾਈ ਤੇ ਫਿਰ ਉਹ ਚਾਹ ਪੀਣ ਲੱਗ ਪਏ। ਮਨਦੀਪ ਨੇ ਬੜੇ ਹੌਸਲੇ ਨਾਲ ਪੁੱਛਿਆ, ''ਪ੍ਰਕਾਸ਼ ਕਦੇ ਕਿਸੇ ਨੂੰ ਪਿਆਰ ਕੀਤਾ ਹੈ?'' ਪਰ ਪ੍ਰਕਾਸ਼ ਨੀਵੀਂ ਪਾਈ ਬੈਠਾ ਰਿਹਾ।

ਫਿਰ ਮਨਦੀਪ ਨੇ ਉਸਨੂੰ ਆਖਣਾ ਸ਼ੁਰੂ ਕੀਤਾ ''ਦੇਖ ਪ੍ਰਕਾਸ਼! ਮੇਰੀ ਜ਼ਿੰਦਗੀ ਨਿਰੀ ਨਿਰਾਸ਼ਾ ਹੈ। ਮੈਂ ਅਮੀਰ ਡਾਕਟਰ ਹਾਂ, ਸਾਰੇ ਸੁੱਖ ਹਨ, ਪਰ ਮੈਂ ਪਿਆਰ ਬਿਨ੍ਹਾ ਤੜਪ ਰਹੀ ਹਾਂ। ਮੈਨੂੰ ਕੋਈ ਵੀ ਪਿਆਰ ਨਹੀਂ ਕਰਦਾ ਤੇ ਫਿਰ ਪਤਾ ਨਹੀਂ ਕਿਉਂ ਮੈਂ ਤੈਨੂੰ ਪਿਆਰ ਕਰਨ ਲੱਗ ਪਈ ਹਾਂ। ਮੇਰੀ ਜ਼ਿੰਦਗੀ ਵਿਚ ਆ ਜਾ। ਤੈਨੂੰ ਸਾਰੀ ਉਮਰ ਪੂਜਾਂਗੀ।'' ''ਉਫ.....ਸੋਰੀ ਡਾਕਟਰ। ਮੈਂ ਤਾਂ ਆਪ ਸਤਿਕਾਰ ਕਰਦਾ, ਹਾਂ ਪਰ ਆਪ ਮੇਰੇ ਸਤਿਕਾਰ ਇਸਤਰੀ ਦਾ ਆਸਰਾ ਵੀ ਪਿਆਰ ਹੈ। ਉਹ ਤੜਪਦੀ ਕਿ ਕੋਈ ਉਸਨੂੰ ਪਿਆਰ ਭਰੇ ਬੋਲਾਂ ਨਾਲ ਬੁਲਾਏ, ਉਹਦਾ ਵੀ ਜੀ ਕਰਦਾ ਕਿ ਹੋਰ ਲੇਡੀ ਡਾਕਟਰਾਂ ਵਾਂਗ ਉਸਨੂੰ ਵੀ ਡਾਕਟਰ ਨਾਲ ਸਿਨੇਮਾ ਲੈ ਜਾਣ। ਉਸ ਨਾਲ ਸੈਰ ਕਰਨ ਜਾਣ ਪਰ ਇਹ ਸਭ ਕੁਝ ਸੁਪਨੇ ਵਿਚ ਵੀ ਪੂਰਾ ਹੋਣ ਨੂੰ ਤਿਆਰ ਨਹੀਂ ਸੀ। ਉਸਦੀ ਜ਼ਿੰਦਗੀ ਨਿਰੀ ਅੰਧਕਾਰ ਜਿਹੀ ਬਣ ਗਈ। ਫਿਰ ਪ੍ਰਕਾਸ਼ ਜਿਹੜਾ ਉਥੇ ਕੰਪਾਊਂਡਰ ਸੀ, ਇਕ ਛਿੱਟ ਚਾਨਣ ਦੀ ਬਣ ਕੇ ਆਇਆ। ਮਨਦੀਪ ਨੂੰ ਜਾਪਿਆ ਕਿ ਪ੍ਰਕਾਸ਼ ਉਸਨੂੰ ਪਿਆਰ ਕਰਦਾ ਹੈ, ਤਾਂ ਨੂੰ ਗਲਤ ਸਮਝ ਗਏ। ਇਕ ਸੋਹਣੀ ਜਿਹੀ ਨਰਸ ਨਾਲ ਮੇਰਾ ਰੁਮਾਂਸ ਚਲਦਾ ਹੈ। ਮੈਂ ਉਸ ਨਾਲ ਮਹੀਨੇ ਤੱਕ ਸ਼ਾਦੀ ਕਰ ਲੈਣੀ ਹੈ, ਇਹ ਆਖ ਕੇ ਪ੍ਰਕਾਸ਼ ਅਲੋਪ ਹੋ ਗਿਆ।

ਉਹ ਉਦਾਸ ਹੋ ਗਈ। ਸੋਚਦੀ ਆਦਮੀ ਤਾਂ ਚੰਮ ਦੇ ਵਿਉਪਾਰੀ ਹਨ, ਉਸਨੇ ਮਿਸ਼ਨ ਹਸਪਤਾਲ ਛੱਡਣ ਦੀ ਸੋਚੀ। ਉਹ ਆਪਣੇ ਮਨ ਨਾਲ ਗੱਲਾਂ ਕਰਦੀ, ''ਕਿੰਨੇ ਮਨੁੱਖਾਂ ਨੇ ਮੈਨੂੰ ਤ੍ਰਿਸਕਾਰਿਆ ਹੈ। ਜਿਸਨੇ ਮੈਨੂੰ ਦੇਖਿਆ ਮੂੰਹ ਫੇਰ ਕੇ ਲੰਘ ਗਿਆ। ਰੱਬ ਕਿੰਨਾ ਜਾਲਮ ਹੈ ਜੋ ਮਨੁੱਖ ਦੇ ਅਰਮਾਨਾਂ ਨਾਲ ਖੇਡਦਾ ਹੈ ਤੇ ਖੁਸ਼ ਹੁੰਦਾ ਹੈ। ਕਾਸ਼! ਰੱਬ ਇਕ ਇਸਤਰੀ ਹੁੰਦਾ ਤੇ ਕੋਈ ਉਸਨੂੰ ਪਿਆਰ ਨਾ ਕਰਦਾ। ਫਿਰ ਉਸਨੂੰ ਪਤਾ ਲੱਗਦਾ ਇਸਤਰੀ ਦਾ ਪਿਆਰ ਰਹਿਤ ਜੀਵਨ ਕਿਹੋ ਜਿਹਾ ਹੁੰਦਾ ਹੈ।'' ਉਸਨੇ ਨੌਕਰੀ ਛੱਡ ਦਿੱਤੀ। ਉਸਨੇ ਫੈਸਲਾ ਕਰ ਲਿਆ ਕਿ ਹੁਣ ਤਾਂ ਪਿਆਰ ਜਾਂ ਵਿਆਹ ਦਾ ਸੁਪਨਾ ਵੀ ਨਹੀ ਲੈਣਾ।

ਅਚਾਨਕ ਚੀਨ ਨੇ ਭਾਰਤ 'ਤੇ ਹਮਲਾ ਕਰ ਦਿੱਤਾ। ਉਸਨੇ ਦੇਸ਼ ਸੇਵਾ ਦਾ ਚੰਗਾ ਮੌਕਾ ਜਾਣ ਕੇ ਮਿਲਟਰੀ ਵਿਚ ਭਰਤੀ ਹੋਣ ਠੀਕ ਸਮਝਿਆ। ਉਹ ਭਰਤੀ ਹੋ ਕੇ ਸਰਹੱਦਾਂ 'ਤੇ ਲੜਦੇ ਵੀਰਾਂ ਦੀ ਸੇਵਾ ਵਿਚ ਜੁੱਟ ਗਈ। ਉਹ ਫਲੋਰੈਂਸ ਨਾਈਟਿੰਗੇਲ ਵਾਂਗ ਸਾਰਾ-ਸਾਰਾ ਦਿਨ ਉਨ੍ਹਾਂ ਦੀ ਦੇਖ ਭਾਲ ਕਰਦੀ ਅਤੇ ਫਿਰ ਰਾਤ ਨੂੰ ਉਨ੍ਹਾਂ ਪਾਸ ਜਾ ਕੇ ਉਨ੍ਹਾਂ ਦੇ ਖੱਤ ਪੱਤਰ ਲਿਖਦੀ। ਸਿਪਾਹੀ ਉਸਨੂੰ ਬਹੁਤ ਸਤਿਕਾਰ ਨਾਲ ਦੇਖਦੇ ਤੇ ਉਸ ਦੀਆਂ ਸਿਫਤਾਂ ਕਰਦੇ ਨਾ ਥੱਕਦੇ। ਉਸ ਨੇ ਕਾਫੀ ਤਰੱਕੀ ਕਰ ਲਈ। ਉਸ ਨੂੰ ਦੇਸ਼ ਸੇਵਾ ਵੱਜੋਂ ਰਾਸ਼ਟਰੀ ਸਨਮਾਨ ਵੀ ਮਿਲਿਆ।

ਹੁਣ ਉਹ ਮੇਜਰ ਡਾਕਟਰ ਸੀ। ਉਸ ਪਾਸ ਹਜ਼ਾਰਾਂ ਰੁਪਏ ਸਨ। ਨੌਕਰ ਚਾਕਰ ਘਰ ਦਾ ਕੰਮ ਕਰਦੇ ਪਰ ਸੀ ਉਹ ਅਜੇ ਵੀ ਉਹੀ ਕਪੂਰ ਡਾਕਟਰ! ਜਦੋਂ ਉਸ ਨੂੰ ਇਹ ਖ਼ਿਆਲ ਆਉਂਦਾ ਤਾਂ ਉਸ ਦਾ ਸਾਰਾ ਅਨੰਦ ਗਾਇਬ ਹੋ ਜਾਂਦਾ। ਉਹ ਰੋ ਪੈਂਦੀ। ਘਰ ਖਾਣ ਨੂੰ ਆਉਂਦਾ। ਉਸ ਦਾ ਜੀ ਕੀਤਾ ਕਿ ਯਤੀਮਖਾਨੇ 'ਚੋਂ ਕੋਈ ਬੱਚਾ ਲੈ ਕੇ ਆਵੇ ਪਰ ਫਿਰ ਉਸ ਨੇ ਆਪੇ ਸਲਾਹ ਹਟਾ ਦਿੱਤੀ।

ਉਸ ਦੇ ਚਾਚੇ ਨੇ ਇਕ ਆਦਮੀ ਨਾਲ ਆਪਣੇ ਇਸ ਡਾਕਟਰ ਭਤੀਜੀ ਬਾਰੇ ਗੱਲ ਕੀਤੀ ਜੋ ਹੁਣੇ ਹੀ ਰੰਡਾ ਹੋਇਆ ਸੀ। ਉਸਨੇ ਨਾਂਹ ਨੁਕਰ ਕੀਤੀ ਪਰ ਜਦੋਂ ਚਾਚਾ ਜੀ ਨੇ ਹਜ਼ਾਰਾਂ ਰੁਪਈਆਂ ਦਾ ਜ਼ਿਕਰ ਕੀਤਾ ਤਾਂ ਉਸ ਦਾ ਮਨ ਲਾਲਚ ਵਿਚ ਆ ਗਿਆ। ਉਸ ਨੇ ਸੋਚਿਆ ਕਾਲੀ ਹੈ ਤਾਂ ਕੀ ਹੋਇਆ ਉਹ ਅਮੀਰ ਤਾਂ ਹੈ। ਉਸ ਦਾ ਪੈਸਾ ਮੇਰਾ ਹੋਵੇਗਾ ਤੇ ਅੱਜਕੱਲ੍ਹ ਧਨ ਨਾਲ ਹੁਸਨ ਵੀ ਖਰੀਦਿਆ ਜਾ ਸਕਦਾ ਹੈ। ਉਹ ਚਾਚਾ ਜੀ ਨਾਲ ਮਨਦੀਪ ਨੂੰ ਦੇਖਣ ਆਇਆ। ਮਨਦੀਪ ਉਦਾਸ ਸੀ। ਉਹ ਸਾਰੇ ਚਾਹ ਪੀ ਰਹੇ ਸਨ ਪਰ ਉਸ ਦੇ ਮਨ ਵਿਚ ਖਿਆਲਾਂ ਦੀ ਘੋੜ ਦੌੜ ਹੋ ਰਹੀ ਸੀ। ਇਕ ਖਿਆਲ ਉਸਨੂੰ ਅਪਨਾਉਣ ਤੇ ਦੂਜੇ ਤਿਆਗਣ ਲਈ ਪ੍ਰੇਰ ਰਿਹਾ ਸੀ। ਉਸ ਦੇ ਚਿਹਰੇ ਤੋਂ ਉਸ ਦੇ ਅੰਦਰ ਦੀ ਹਾਲਤ ਦਾ ਪਤਾ ਲੱਗ ਸਕਦਾ ਸੀ। ਉਸ ਉਪਰੇ ਤੇ ਲਾਲਚੀ ਆਦਮੀ ਨੇ ਆਪਣੀਆਂ ਦੰਦੀਆਂ ਜਿਹੀਆਂ ਕੱਢ ਕੇ ਬੜੇ ਪਿਆਰ ਭਰੇ ਅੰਦਾਜ਼ ਵਿਚ ਆਖਿਆ ''ਮਨਦੀਪ ਜੀ ਤੁਸੀਂ ਮੈਨੂੰ ਬਹੁਤ ਹੀ ਪਸੰਦ ਹੈ।''

ਉਧਰੋਂ ਜਵਾਬ ਆਇਆ ''ਪਰ ਤੁਸੀਂ ਮੈਨੂੰ ਬਿਲਕੁਲ ਪਸੰਦ ਨਹੀਂ। ਤੁਸੀਂ ਬੜੀ ਖੁਸ਼ੀ ਨਾਲ ਮੇਰੇ ਘਰੋਂ ਦਫਾ ਹੋ ਸਕਦੇ ਹੋ। ਮੈਂ ਵਿਆਹ ਨਹੀਂ ਕਰਵਾਉਣਾ।'' ਉਹ ਮੂੰਹ ਅੱਡਾ ਮਨਦੀਪ ਵੱਲ ਦੇਖਦਾ ਰਿਹਾ ਤੇ ਫਿਰ ਚੁੱਪ ਚਾਪ ਚਲਾ ਗਿਆ। ਚਾਚਾ ਜੀ ਬੁਰਾ ਭਲਾ ਆਖ ਕੇ ਚਲੇ ਗਏ। ਮਨਦੀਪ ਦੇ ਚਿਹਰੇ 'ਤੇ ਸੰਤੁਸ਼ਟਤਾ ਦੇ ਚਿੰਨ੍ਹ ਉਘੜ ਆਏ। ਉਸਨੂੰ ਸਾਰੇ ਲੋਕਾਂ ਨੇ ਤ੍ਰਿਸਕਾਰਿਆ ਸੀ। ਅੱਜ ਉਸ ਦੀ ਵਰ੍ਹਿਆਂ ਦੀ ਲਾਲਸਾ ਕਿ ਉਹ ਕਿਸੇ ਨੂੰ ਤ੍ਰਿਸਕਾਰੇ ਪੂਰੀ ਹੋ ਗਈ। ਫਿਰ ਉਹ ਅੰਦਰ ਵੜ ਕੇ ਉਚੀ ਉਚੀ ਰੋਣ ਲੱਗ ਪਈ।

ਵਿਅੰਗ

ਅਧਿਆਪਕ ਜਾਂ ਰਸੋਈਆ ?

ਪਿਛਲੀ ਸਰਕਾਰ ਵਲੋਂ ਪ੍ਰਾਇਮਰੀ ਸਕੂਲਾਂ ਵਿਚ ਸ਼ੁਰੂ ਕੀਤੀ ਈ ਮਿਡ ਡੇ ਮੀਲ ਯੋਜਨਾ ਨੇ ਅਧਿਆਪਕਾਂ ਨੂੰ ਰਸੋਈਏ ਬਣਾ ਕੇ ਰੱਖ ਦਿੱਤਾ ਹੈ। ਲਾਤਾਰ ਖਾਣਾ ਤਿਆਰ ਕਰ ਕਰ ਕੇ ਅਧਿਆਪਕਾਂ ਦਾ ਸੁਭਾਅ ਵੀ ਔਰਤਾਂ ਵਾਲਾ ਹੁੰਦਾ ਜਾ ਰਿਹਾ ਹੈ। ਅਧਿਆਪਕਾਂ ਨੂੰ ਲੂਣ-ਮਿਰਚ ਆਦਿ ਦੀਆਂ ਕੀਮਤਾਂ ਵੀ ਯਾਦ ਹੋ ਗਈਆਂ ਹਨ। ਵਿਅੰਗ ਸਕੂਲ ਆਫ ਮਾਲੇਰਕੋਟਲਾ ਦੇ ਖੋਜਾਰਥੀ ਨੇ ਦੱਸਿਆ ਕਿ ਕੁੜੀਆਂ ਨੇ ਵੀ ਅਜਿਹੇ ਰਿਸ਼ਤੇ ਪਹਿਲ ਦੇ ਆਧਾਰ 'ਤੇ ਕਬੂਲ ਕੀਤੇ ਹਨ, ਜਿਨ੍ਹਾਂ ਵਿਚ ਮੁੰਡਾ ਪ੍ਰਾਇਮਰੀ ਸਕੂਲ ਵਿਚ ਅਧਿਆਪਕ ਲੱਗਾ ਹੋਇਆ ਹੈ। ਇਕ ਅਧਿਆਪਕ ਦਾ ਵਿਆਹ ਨਹੀਂ ਹੋ ਰਿਹਾ ਸੀ ਪਰ ਜਦ ਉਸ ਨੇ ਅਖਬਾਰ ਵਿਚ ਦਿੱਤੇ ਇਸ਼ਤਿਹਾਰ ਵਿਚ ਸਾਫ ਲਿਖਿਆ ਕਿ ਉਹ ਅਧਿਆਪਕ-ਕਮ-ਰਸੋਈਆ ਹੈ ਤਾਂ ਝੱਟ ਹੀ ਰਿਸ਼ਤਿਆਂ ਦੀ ਲਾਈਨ ਲੱਗ ਗਈ। ਖਾਣਾ ਬਣਾ-ਬਣਾ ਕੇ ਅਧਿਆਪਕ ਵੀ ਹੁਣ ਏਨੇ ਬੇਸ਼ਰਮ ਹੋ ਗਏ ਹਨ ਕਿ ਉਨ੍ਹਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਜਦ ਅਧਿਆਪਕਾਂ ਦੀ ਨਵੀਂ ਭਰਤੀ ਦਾ ਇਸ਼ਤਿਹਾਰ ਦਿੱਤਾ ਜਾਵੇ ਤਾਂ ਇਸ਼ਤਿਹਾਰ 'ਤੇ ਸਿਰਫ ਅਧਿਆਪਕ ਦੀ ਭਰਤੀ ਲਈ ਇਸ਼ਤਿਹਾਰ ਲਿਖ ਕੇ ਹੀ ਨਾ ਸਾਰ ਦਿੱਤਾ ਜਾਵੇ, ਸਗੋਂ ਸਪਸ਼ਟ ਲਿਖਿਆ ਜਾਵੇ 'ਅਧਿਆਪਕ-ਕਮ-ਰਸੋਈਆ ਦੀ ਭਰਤੀ ਲਈ ਇਸ਼ਤਿਹਾਰ' ਹੈ, ਤਾਂ ਕਿ ਰਿਸ਼ਤਾ ਕਰਨ ਵੇਲੇ ਔਕੜ ਨਾ ਆਵੇ। ਇੰਟਰਵਿਊ ਵੇਲੇ ਵੀ ਖਾਣਾ ਪਕਾਉਣ ਨਾਲ ਸਬੰਧਤ ਸਵਾਲ ਪੁੱਛੇ ਜਾਣ। ਅਧਿਆਪਕਾਂ ਨੇ ਇਹ ਮੰਗ ਕੀਤੀ ਕਿ ਸਾਰੇ ਬੀ. ਐੱਡ ਕਾਲਜਾਂ ਵਿਚ ਖਾਣਾ ਪਕਾਉਣ ਦੀ ਸਿਖਲਾਈ ਦੇਣੀ ਚਾਹੀਦੀ ਹੈ, ਜਿਸ ਕਾਲਜ ਵਿਚ ਭਾਂਡੇ-ਪਤੀਲੇ ਤੇ ਲੂਣ-ਤੇਲ ਨਹੀ ਹੈ, ਉਸ ਦੀ ਮਾਨਤਾ ਰੱਦ ਕਰ ਦਿੱਤੀ ਜਾਵੇ। ਕਿੰਨਾ ਚੰਗਾ ਲੱਗੇਗਾ ਜਦ ਪੜ੍ਹਣ ਵਾਲੇ ਵੀ ਤੇ ਪੜਾਉਣ ਵੇਲੇ ਵੀ ਭੋਜਨ ਤਿਆਰ ਕੀਤਾ ਜਾਵੇਗਾ। ਸਾਰੇ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀ ਦੇ ਬੀ.ਐਡ ਤੇ ਐਮ. ਐਡ ਵਿਭਾਗਾਂ ਵਿਚ ਸਵੇਰੇ ਹੀ ਦੇਗਾਂ ਚਾੜ ਦਿੱਤੀਆਂ ਜਾਇਆ ਕਰਨਗੀਆਂ। ਕਿਸੇ ਦਾ ਦਿਮਾਗ ਪੜ੍ਹਾਈ ਜਾਂ ਵਿਕਾਸ ਦੀਆਂ ਨਵੀਆਂ ਯੋਜਨਾਵਾਂ ਘੜਣ ਵੱਲ ਨਹੀਂ ਜਾਵੇਗਾ। ਦਿਨ ਰਾਤ ਖਾਣੇ ਪਕਾਂਉਣ ਤੇ ਖਾਣ ਦੇ ਦੌਰ ਹੀ ਚਲਦੇ ਰਹਿਣਗੇ।

ਡੰਗਰ ਡਾਕਟਰ

ਜ਼ਿਲ੍ਹਾ ਪ੍ਰੀਸ਼ਦਾਂ ਵਿਚ ਤਿੰਨ ਸਾਲ ਲਈ ਠੇਕੇ 'ਤੇ ਕੰਮ ਕਰ ਰਹੇ ਡੰਗਰ ਡਾਕਟਰਾਂ 'ਤੇ ਮਹੀਨਾਵਾਰ ਤਨਖਾਹ ਨਾ ਮਿਲਣ ਕਾਰਨ ਸਰਕਾਰੀ ਮਾਰ ਤਾਂ ਪੈ ਹੀ ਰਹੀ ਹੈ ਹੈ ਕਿ ਹੁਣ ਉਨ੍ਹਾਂ ਨੂੰ ਜਾਵਨਰਾਂ ਨੇ ਵੀ ਕੁੱਟਣਾ ਸ਼ੁਰੂ ਕਰ ਦਿੱਤਾ ਹੈ। ਕੁਝ ਦਿਨ ਪਹਿਲਾਂ ਜਲੰਧਰ ਜ਼ਿਲ੍ਹੇ ਦੀ ਇਕ ਪਸ਼ੂ ਡਿਸਪੈਂਸਰੀ ਵਿਚ ਕੰਮ ਕਰ ਰਹੇ ਡਾਕਟਰ ਨੇ ਇਕ ਮੱਝ ਦੇ ਗਰਭਵਤੀ ਹੋਣ ਦਾ ਟੈਸਟ ਸੁਰੱਖਿਆ ਦੇ ਸਖਤ ਪ੍ਰਬ

ਆਇਰਨ ਦੀ ਘਾਟ ਸਿਹਤ ਲਈ ਹਾਨੀਕਾਰਕ

ਵਿਟਾਮਿਨ, ਪ੍ਰੋਟੀਨ ਵਰਗੇ ਤੱਤ ਸਰੀਰ ਨੂੰ ਤੰਦਰੁਸਤ ਬਣਾਈ ਰੱਖਦੇ ਹਨ। ਇਨ੍ਹਾਂ ਦੀ ਘਾਟ ਹੋਣ ਨਾਲ ਸਰੀਰ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਸ ਤਰ੍ਹਾਂ ਅਸੀਂ ਜਾਣਦੇ ਹਾਂ ਕਿ ਸਰੀਰ ਲਈ ਆਇਰਨ ਹੋਣਾ ਬਹੁਤ ਹੀ ਜ਼ਰੂਰੀ ਹੈ। ਆਇਰਨ ਸਰੀਰ ਨੂੰ ਤੰਦਰੁਸਤ ਤੇ ਮਾਸ-ਪੇਸ਼ੀਆਂ ਨੂੰ ਪ੍ਰੋਟੀਨ ਪਹੁੰਚਾਉਣ ਦਾ ਕੰਮ ਕਰਦਾ ਹੈ। ਇਸ ਦੀ ਮਾਤਰਾ ਘੱਟ ਹੋਣ ਕਰਕੇ ਖ਼ੂਨ ਦੀ ਘਾਟ ਹੋ ਸਕਦੀ ਹੈ। ਇਸ ਦੇ ਕਾਰਨ ਕਿਡਨੀ, ਕੈਂਸਰ, ਕੁਪੋਸ਼ਕ, ਵਿਟਾਮਿਨ ਬੀ, ਐਨੀਮਿਆ ਵਰਗੀਆਂ ਕਈ ਬਿਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਆਇਰਨ ਦੀ ਘਾਟ ਜ਼ਿਆਦਾਤਰ ਔਰਤਾਂ 'ਚ ਪਾਈ ਜਾਂਦੀ ਹੈ। ਪੋਸ਼ਟਿਕ ਆਹਾਰ ਨਾ ਖਾਣ ਨਾਲ ਇਹ ਕਿਸੇ ਬਿਮਾਰੀ ਦੇ ਕਾਰਨ ਆਇਰਨ ਦੀ ਘਾਟ ਹੋਣ ਲੱਗਦੀ ਹੈ। ਇਸ ਦੀ ਘਾਟ ਤੋਂ ਬਚਣ ਲਈ ਤੁਹਾਡੀ ਡਾਇਟ 'ਚ ਆਇਰਨ ਵਾਲੀਆਂ ਚੀਜ਼ਾਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ। ਅੱਜ ਅਸੀਂ ਆਇਰਨ ਦੇ ਘਾਟ ਦੇ ਲੱਛਣਾਂ ਦੇ ਬਾਰੇ 'ਚ ਗੱਲ ਕਰਾਂਗੇ।

ਆਇਰਨ ਦੀ ਘਾਟ ਨੂੰ ਕਰੇ ਪੂਰਾ

ਆਇਰਨ ਦੀ ਘਾਟ ਨੂੰ ਪੂਰਾ ਕਰਨ ਲਈ ਪੌਸ਼ਟਿਕ ਆਹਾਰ ਖਾਣਾ ਚਾਹੀਦਾ ਹੈ। ਹਰੀਆਂ ਸਬਜ਼ੀਆਂ, ਮੇਥੀ, ਪਾਲਕ, ਅੰਡਾ, ਚੁਕੰਦਰ, ਸਾਬਤ ਆਨਾਜ, ਆਲੂ, ਬਰੈਡ, ਆਦਿ ਡਾਇਟ 'ਚ ਸ਼ਾਮਲ ਕਰੇ ਇਸ ਦੇ ਨਾਲ ਹੀ ਬਾਦਾਮ, ਖਜ਼ੂਰ, ਅੰਗੂਰ, ਆਨਾਰ ਆਦਿ ਨਾਲ ਆਇਰਨ ਦੀ ਘਾਟ ਨੂੰ ਪੂਰਾ ਕੀਤਾ ਜਾ ਸਕਦਾ ਹੈ।

ਕਮਜ਼ੋਰੀ ਜਾਂ ਥਕਾਵਟ ਮਹਿਸੂਸ ਹੋਣੀ

ਥੋੜ੍ਹਾ ਜਿਹਾ ਕੰਮ ਕਰਨ, ਪੈਦਲ ਤੁਰਨਾ ਜਾਂ ਦੌੜਨਾ, ਥਕਾਵਟ ਹੋਣੀ ਇਹ ਆਇਰਨ ਦੀ ਘਾਟ ਨਾਲ ਹੀ ਹੋ ਸਕਦਾ ਹੈ। ਥਕਾਵਟ ਹੋਣ ਦੇ ਨਾਲ ਚੱਕਰ ਆਉਣੇ ਆਦਿ ਦਾ ਸਾਹਮਣਾ ਕਰਨਾ ਪੈਂਦਾ ਹੈ।

ਰੰਗ ਪੀਲਾ ਹੋਣਾ

ਸਰੀਰ 'ਚ ਆਇਰਨ ਦੀ ਘਾਟ ਨਾਲ ਲਾਲ ਰੰਗ ਦੀ ਸੰਖਿਆ ਘੱਟ ਹੁੰਦੀ ਰਹਿੰਦੀ ਹੈ ਜਿਸ ਕਰਕੇ ਚਿਹਰੇ ਦਾ ਰੰਗ ਪੀਲਾ ਹੋ ਜਾਂਦਾ ਹੈ।

ਦਿਲ ਦੀ ਧੜਕਣ ਤੇਜ਼ ਹੋਣਾ

ਦਿਲ ਖ਼ੂਨ ਨੂੰ ਸਰੀਰ ਦੇ ਹਰ ਹਿੱਸੇ 'ਚ ਪਹੁੰਚਾਉਣ ਦਾ ਕੰਮ ਕਰਦਾ ਹੈ ਪਰ ਜੇ ਸਰੀਰ 'ਚ ਖ਼ੂਨ ਦੀ ਘਾਟ ਹੋਣ ਲੱਗਦੀ ਹੈ ਤਾਂ ਇਸ ਦਾ ਸਭ ਤੋਂ ਜ਼ਿਆਦਾ ਅਸਰ ਦਿਲ 'ਤੇ ਹੀ ਪੈਂਦਾ ਹੈ। ਜਿਸ ਕਰਕੇ ਦਿਲ ਦੀ ਧੜਕਣ ਬਹੁਤ ਤੇਜ਼ ਹੋ ਜਾਂਦੀ ਹੈ।

ਸਿਰ ਦਰਦ

ਸਰੀਰ 'ਚ ਆਇਰਨ ਦੀ ਘਾਟ ਹੋਣ ਕਾਰਨ ਖ਼ੂਨ ਦਿਮਾਗ਼ ਤਕ ਨਹੀਂ ਪਹੁੰਚ ਪਾਉਂਦਾ ਜਿਸ ਨਾਲ ਸਿਰ ਦਰਦ ਹੁੰਦਾ ਰਹਿੰਦਾ ਹੈ।

ਉਪਾਅ

- ਇਕ ਗਲਾਸ ਨਿੰਬੂ ਪਾਣੀ 'ਚ ਸ਼ਹਿਦ ਮਿਲਾ ਕੇ ਪੀਓ। ਇਸ ਦਾ ਰੋਜ਼ ਸੇਵਨ ਕਰਨ ਨਾਲ ਕੁੱਝ ਕੁ ਦਿਨਾਂ 'ਚ ਫ਼ਰਕ ਦਿਖਾਈ ਦੇਣ ਲੱਗਦਾ ਹੈ।
- ਇਕ ਗਲਾਸ ਚੁਕੰਦਰ ਦੇ ਜੂਸ 'ਚ 1 ਚਮਚ ਸ਼ਹਿਦ ਮਿਲਾ ਕੇ ਪੀਓ।
- ਆਨਾਰ ਦੇ ਜੂਸ 'ਚ ਨਮਕ, ਕਾਲੀ ਮਿਰਚ ਪਾ ਕੇ ਪੀਣ ਨਾਲ ਖ਼ੂਨ ਬਣਨ ਲੱਗਦਾ ਹੈ।
- ਰੋਜ਼ ਇਕ ਗਲਾਸ ਟਮਾਟਰ ਦਾ ਜੂਸ ਪੀਣ ਨਾਲ ਆਇਰਨ ਦੀ ਘਾਟ ਨੂੰ ਪੂਰਾ ਕੀਤਾ ਜਾ ਸਕਦਾ ਹੈ।



ਖਬਤ ਰੋਗ ਦਾ ਹੋਮਿਓਪੈਥੀ 'ਚ ਇਲਾਜ

ਹੋਮਿਉਪੈਥੀ ਮਨੁੱਖ ਦੀ ਮਾਨਸਿਕਤਾ ਨੂੰ ਹੀ ਸੰਬੋਧਨ ਹੁੰਦੀ ਹੈ ਤੇ ਮਨ ਦੀਆਂ ਤੈਹਾਂ ਨੂੰ ਫਰੋਲਦਿਆਂ ਦਵਾਈ ਦਿੱਤੀ ਜਾਂਦੀ ਹੈ। ਇਸ ਲਈ ਮਾਨਸਿਕ ਰੋਗਾਂ ਵਿਚ ਵੱਡਾ ਰੋਲ ਹੈ। ਜਿਥੇ ਠੀਕ ਦਵਾਈ ਚੁਣੀ ਜਾਂਦੀ ਹੈ ਸਦੀਆਂ ਪੁਰਾਣੇ ਰੋਗ ਨੂੰ ਠੀਕ ਕਰ ਦਿੰਦੀ ਹੈ। ਖਬਤ ਰੋਗ 'ਅਬਸੈਸਿਵ ਕੰਪਲਸਿਵ ਡਿਸਔਰਡਰ' ਜਿਵੇਂ ਮੱਲੋ-ਮੱਲੀ, ਜ਼ਬਰਦਸਤੀ ਉਹ ਵਿਚਾਰ ਮਰੀਜ਼ ਦੇ ਮਨ ਵਿਚ ਆਉਂਦਾ ਹੈ। ਉਹ ਬਹੁਤ ਦੁੱਖੀ ਹੁੰਦਾ ਹੈ ਉਸ ਵਿਚਾਰ ਤੋਂ ਖਹਿੜਾ ਨਹੀਂ ਛੁਡਾਅ ਸਕਦਾ। ਉਹ ਇੰਨਾ ਦੁੱਖੀ ਹੁੰਦਾ ਹੈ ਕਿ ਉਹ ਕੰਮ ਘੰਟਿਆਂ ਬੱਧੀ ਕਰਦਾ ਰਹਿੰਦਾ ਹੈ। ਇਹ ਕੁੱਝ ਵੀ ਹੋ ਸਕਦਾ ਹੈ ਹੱਥ ਵਾਰ-ਵਾਰ ਧੋਣੇ, ਜਿੰਦਾ ਲਾ ਕੇ ਵਾਰ-ਵਾਰ ਚੈਕ ਕਰਨਾ, ਕੇਸੀ ਵਾਰ-ਵਾਰ ਨਾਹਉਣਾ, ਕੱਪੜੇ ਵਾਰ-ਵਾਰ ਧੋਣੇ, ਪੋਚਾ ਵਾਰ-ਵਾਰ ਲਾਈ ਜਾਣਾ, ਕੋਈ ਗਿਣਤੀ ਵਾਰ-ਵਾਰ ਕਰਨੀ, ਪੈਸਿਆਂ ਨੂੰ ਵਾਰ-ਵਾਰ ਗਿਣੀ ਜਾਣਾ, ਹੱਥ ਧੋਣ 'ਤੇ ਯਕੀਨ ਨਹੀਂ ਆਉਣਾ ਕਿ ਸਾਫ਼ ਹੋ ਗਏ, ਇਕ ਵਾਰ ਵਿਚ ਇਕ ਟਿੱਕੀ ਸਾਬਣ ਦੀ ਲਾ ਦੇਣੀ ਤੇ ਹੱਥਾਂ ਦਾ ਮਾਸ ਉਧੜਿਆ ਪਿਆ। ਜੇ ਕੋਈ ਨਹਾ ਕੇ ਹੱਟਿਆ ਤਾਂ ਸਾਰਾ ਬਾਥਰੂਮ ਧੋਣਾ, ਬਾਲਟੀ ਵਾਰ-ਵਾਰ ਧੋ ਕੇ ਨਹਾਉਣਾ, ਇਹ ਮਾਨਸਿਕ ਰੋਗ ਹੈ। ਕਾਰਨ ਕੀ ਹੈ, ਮਨ ਵਿਚ ਕੀ ਆਉਂਦਾ ਹੈ ਜਾਂ ਸਾਡੇ ਕੋਲ ਆ ਕੇ ਕੀ ਕਹਿੰਦਾ ਹੈ ਮਰੀਜ਼ ਦਵਾਈ ਦਿੱਤੀ। ਉਦਾਹਰਣ ਦੇ ਤੌਰ 'ਤੇ ਇਹ ਔਰਤ ਜਿਸਦਾ ਤਲਾਕ ਹੋਣਾ ਸੀ ਜਦੋਂ 3-4 ਹਫ਼ਤੇ ਫ਼ਰਕ ਨਾ ਪਿਆ ਤਾਂ ਆ ਕੇ ਕਹਿੰਦੀ ਡਾਕਟਰਾ ਹੋਰ ਤੇਰੇ ਤੋਂ ਠੀਕ ਹੁੰਦੇ ਹੋਣਗੇ। ਜੇ ਮੈਨੂੰ ਠੀਕ ਕਰੇਂ ਤੇ ਫਿਰ ਤੇਰੇ ਕੋਲ ਮਰੀਜ਼ਾਂ ਦੀਆਂ ਲਾਈਨਾਂ ਲਾ ਦੇਊਂ ਇਹ ਦੋ ਲਾਈਨਾਂ ਦੀ ਬੋਲ ਚਾਲ ਚੋਂ ਨਿਕਲੀ ਦਵਾਈ ਨਾਲ ਪੂਰੀ ਨਾਰਮਲ ਹੋ ਗਈ। ਇਸਦਾ ਭਾਵ ਕਿ ਉਸਨੇ ਮੈਨੂੰ ਉਸਨੂੰ ਠੀਕ ਕਰਨ ਲਈ ਉਕਸਾਇਆ ਇਸ ਲੱਛਣ 'ਤੇ ਇਕੋ ਦਵਾਈ ਹੈ 'ਹਾਈਓਸੈਮਿਸ'।



• ਡਾ. ਅਮਰਜੀਤ ਸਿੰਘ ਮਾਨ, 9814806387

ਆਸਟਯੋਪੋਰੋਸਿਸ ਅਜਿਹਾ ਰੋਗ ਹੈ ਜਿਸ ਵਿਚ ਕੈਲਸ਼ੀਅਮ ਤੇ ਵਿਟਾਮਿਨ ਡੀ ਦੀ ਘਾਟ ਕਾਰਨ ਹੱਡੀਆਂ ਦਾ ਮਾਸ ਘੱਟ ਹੋ ਜਾਂਦਾ ਹੈ ਅਤੇ ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ...

ਬਦਲਦੇ ਦੌਰ ਵਿਚ ਸਾਡੇ ਆਸ-ਪਾਸ ਕਾਫ਼ੀ ਕੁੱਝ ਬਦਲ ਰਿਹਾ ਹੈ। ਸਾਡਾ ਲਾਈਫ ਸਟਾਇਲ, ਖਾਣ-ਪੀਣ ਦੀਆਂ ਆਦਤਾਂ ਅਤੇ ਉਮਰ ਦੇ ਹਿਸਾਬ ਤੋਂ ਸਾਡੇ ਸਰੀਰ ਦੀਆਂ ਜ਼ਰੂਰਤਾਂ ਵੀ। ਬਚਪਨ ਤੋਂ ਸਰੀਰ ਊਰਜਾ ਨਾਲ ਭਰਪੂਰ ਹੁੰਦਾ ਹੈ ਪਰ ਉਮਰ ਵਧਣ ਦੇ ਨਾਲ ਇਹ ਊਰਜਾ ਘੱਟ ਹੋਣ ਲੱਗਦੀ ਹੈ ਅਤੇ ਚਾਲ੍ਹੀ ਪਾਰ ਹੁੰਦੇ-ਹੁੰਦੇ ਪਰੇਸ਼ਾਨੀਆਂ ਦਾ ਸਿਲਸਿਲਾ ਵਧਣ ਲੱਗਦਾ ਹੈ। ਔਰਤਾਂ ਵਿਚ ਸਥਿਤੀਆਂ ਥੋੜ੍ਹੀਆਂ ਜ਼ਿਆਦਾ ਮੁਸ਼ਕਲ ਹੰਦੀਆਂ ਹਨ। ਵੱਧਦੀ ਉਮਰ ਦਾ ਇਕ ਅਜਿਹਾ ਰੋਗ ਹੈ ਆਸਟਯੋਪੋਰੋਸਿਸ। ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਅਨੁਸਾਰ ਹਾਰਟ ਡਿਜੀਜ ਦੇ ਬਾਅਦ ਆਸਟਯੋਪੋਰੋਸਿਸ ਸੰਸਾਰ ਦਾ ਸਭ ਤੋਂ ਜ਼ਿਆਦਾ ਪ੍ਰਭਾਵਿਤ ਕਰਨ ਵਾਲਾ ਰੋਗ ਹੈ। ਇਹ ਰੋਗ ਪੁਰਸ਼ਾਂ ਦੇ ਮੁਕਾਬਲੇ ਔਰਤਾਂ ਵਿਚ ਜ਼ਿਆਦਾ ਹੁੰਦਾ ਹੈ।

ਆਸਟਯੋਪੋਰੋਸਿਸ

ਆਸਟਯੋਪੋਰੋਸਿਸ ਨੂੰ ਖੋਖਲੀ ਹੱਡੀਆਂ ਦਾ ਰੋਗ ਵੀ ਕਹਿੰਦੇ ਹਨ। ਅਜਿਹੇ ਰੋਗ ਜਿਸ ਵਿਚ ਹੱਡੀਆਂ ਦੀ ਮਜ਼ਬੂਤੀ ਘੱਟ ਹੁੰਦੀ ਹੈ। ਆਸਟਯੋਪੋਰੋਸਿਸ ਇਕ ਅਜਿਹਾ ਰੋਗ ਹੈ ਜਿਸ ਵਿਚ ਕੈਲਸ਼ੀਅਮ ਅਤੇ ਵਿਟਾਮਿਨ ਡੀ ਦੀ ਘਾਟ ਕਾਰਨ ਹੱਡੀਆਂ ਦਾ ਮਾਸ ਘੱਟ ਹੋ ਜਾਂਦਾ ਹੈ ਅਤੇ ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ। ਸਾਡੀਆਂ ਹੱਡੀਆਂ ਕੈਲਸ਼ੀਅਮ, ਫਾਸਫੋਰਸ ਅਤੇ ਪ੍ਰੋਟੀਨ ਦੇ ਇਲਾਵਾ ਕਈ ਪ੍ਰਕਾਰ ਦੇ ਮਿਨਰਲਸ ਤੋਂ ਬਣੀਆਂ ਹੁੰਦੀਆਂ ਹਨ। ਵੱਧਦੀ ਉਮਰ, ਪ੍ਰਦੂਸ਼ਣ ਅਤੇ ਬਦਲਦੀ ਲਾਈਫ ਸਟਾਇਲ ਦੇ ਨਾਲ ਇਹ ਜੀਵਨ ਦਾਈ ਤੱਤ ਘੱਟ ਹੋਣ ਲੱਗਦੇ ਹਨ ਜਿਸ ਦੇ ਨਾਲ ਹੱਡੀਆਂ ਇਨ੍ਹੀਆਂ ਕਮਜ਼ੋਰ ਹੋ ਜਾਂਦੀਆਂ ਹਨ ਕਿ ਥੋੜ੍ਹੀ ਜਿਹੀ ਸੱਟ ਵੀ ਫਰੈਕਚਰ ਦਾ ਕਾਰਨ ਬਣ ਜਾਂਦੀ ਹੈ। ਫਰੈਕਚਰ ਜ਼ਿਆਦਾਤਰ ਕਲਾਈ ਜਾਂ ਰੀੜ੍ਹ ਦੀ ਹੱਡੀ ਵਿਚ ਹੁੰਦਾ ਹੈ।

ਔਰਤਾਂ ਹੁੰਦੀਆਂ ਹਨ ਜ਼ਿਆਦਾ ਸ਼ਿਕਾਰ

ਆਸਟਯੋਪੋਰੋਸਿਸ ਚਾਲ੍ਹੀ ਦੀ ਉਮਰ ਦੇ ਬਾਅਦ ਔਰਤਾਂ ਨੂੰ ਜ਼ਿਆਦਾ ਪ੍ਰਭਾਵਿਤ ਕਰਦੀ ਹੈ। ਵਿਸ਼ਵ ਸਿਹਤ ਸੰਗਠਨ ਦੀ ਖੋਜ ਅਨੁਸਾਰ ਦੁਨੀਆਭਰ ਵਿਚ ਹਰ 3 ਵਿਚੋ 1 ਔਰਤ ਅਤੇ 8 ਵਿਚ ਇਕ ਪੁਰਸ਼ ਇਸ ਰੋਗ ਤੋਂ ਪੀੜਤ ਹਨ। ਮੀਨੋਪਾਜ ਤੋਂ ਬਾਅਦ ਇਹ ਰੋਗ ਔਰਤਾਂ ਵਿਚ ਜ਼ਿਆਦਾ ਹੋਣ ਆਮ ਗੱਲ ਬਣੀ ਰਹਿੰਦੀ ਹੈ ਜਿੰਨੀ ਬਣ ਕੈਂਸਰ, ਯੂਟਰਸ ਕੈਂਸਰ ਅਤੇ ਓਵੇਰਿਅਨ ਕੈਂਸਰ ਦੀ ਹੁੰਦੀ ਹੈ।

ਔਰਤਾਂ ਵਿਚ 45 ਤੋਂ 50 ਸਾਲ ਅਤੇ ਪੁਰਸ਼ਾਂ ਵਿਚ 55 ਸਾਲ ਦੇ ਆਸ ਪਾਸ ਇਸ ਰੋਗ ਦਾ ਖ਼ਤਰਾ ਵੱਧ ਜਾਂਦਾ ਹੈ। ਔਰਤਾਂ ਵਿਚ ਏਸਟਰੋਜਨ ਹਾਰਮੋਨਜ਼ ਦੀ ਘਾਟ ਕਾਰਨ ਮੀਨੋਪਾਜ ਦੇ ਬਾਅਦ ਇਹ ਸਮੱਸਿਆ ਜ਼ਿਆਦਾ ਆਮ ਹੈ। ਇਹ ਹਾਰਮੋਨਜ਼ ਔਰਤਾਂ ਨੂੰ ਹੱਡੀਆਂ ਦੇ ਨਾਲ-ਨਾਲ ਦਿਲ ਦੀ ਸਮੱਸਿਆ ਤੋਂ ਵੀ ਬਚਾਉਂਦਾ ਹੈ।

ਆਸਟਯੋਪੋਰੋਸਿਸ ਦੇ ਕਾਰਨ

ਆਸਟਯੋਪੋਰੋਸਿਸ ਹੋਣ ਦੇ ਬਹੁਤ ਸਾਰੇ ਕਾਰਨ ਹਨ ਪਰ ਸਭ ਤੋਂ ਜ਼ਿਆਦਾ ਪਰੇਸ਼ਾਨੀ ਉਨ੍ਹਾਂ ਨੂੰ ਹੁੰਦੀ ਹੈ ਜੋ ਸਿਹਤ

ਜੈਨੇਟਿਕ ਫੈਕਟਰ

ਪ੍ਰੋਟੀਨ, ਕੈਲਸ਼ੀਅਮ, ਸਰੀਰ ਵਿਚ ਵਿਟਾਮਿਨ ਡੀ ਦੀ ਘਾਟ, ਵਧਦੀ ਉਮਰ, ਬੱਚਿਆਂ ਦਾ ਬਹੁਤ ਜ਼ਿਆਦਾ ਫਰਕ, ਡਰਿੰਕਸ ਪੀਣਾ, ਸਮੋਕਿੰਗ, ਡਾਇਬਟੀਜ਼, ਥਾਇਰਾਇਡ ਵਰਗੀਆਂ ਬੀਮਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।



ਆਸਟਯੋਪੋਰੋਸਿਸ ਤੇ ਆਰਥਰਾਇਟਿਸ ਵਿਚ ਫਰਕ

ਆਸਟਯੋਪੋਰੋਸਿਸ ਦਾ ਮਤਲਬ ਹੱਡੀਆਂ ਦਾ ਕਮਜ਼ੋਰ ਹੋ ਜਾਣਾ, ਜਿਸ ਦੇ ਨਾਲ ਹੱਡੀਆਂ ਹਲਕੀ ਜਿਹੀ ਸੱਟ ਲੱਗਣ ਤੇ ਟੁੱਟ ਜਾਂਦੀਆਂ ਹਨ। ਉਥੇ ਹੀ ਆਰਥਰਾਇਟਿਸ ਜੋੜਾਂ ਵਿਚ ਮੌਜੂਦ ਤਰਲ ਪਦਾਰਥ ਦੇ ਖ਼ਤਮ ਹੋ ਜਾਣ ਦਾ ਰੋਗ ਹੈ ਜਿਸ ਦੇ ਨਾਲ ਜੋੜਾਂ ਵਿਚ ਦਰਦ ਅਤੇ ਸੋਜ ਰਹਿੰਦੀ ਹੈ। ਉਂਜ ਤਾਂ ਆਰਥਰਾਇਟਿਸ ਨੂੰ ਬੁਢੇਪੇ ਦਾ ਰੋਗ ਵੀ ਕਿਹਾ ਜਾਂਦਾ ਸੀ ਪਰ ਮੈਡੀਕਲ ਰਿਪੋਰਟ ਦੇ ਅਨੁਸਾਰ ਹੁਣ ਜਵਾਨ ਵੀ ਇਸ ਦੀ ਚਪੇਟ ਵਿਚ ਆਉਣ ਲੱਗੇ ਹਨ।

ਹੱਡੀਆਂ ਖੋਖਲੀਆਂ

ਹੋਣ ਤੋਂ ਕਿਵੇਂ ਬਚਾਈਏ



40 ਦੀ ਉਮਰ ਦੇ ਬਾਅਦ ਕਰਵਾਉ ਬੀਡੀਟੀ

ਜੇ ਤੁਹਾਡੀ ਉਮਰ 40 ਤੋਂ ਉੱਪਰ ਹੈ ਅਤੇ ਕਮਰ ਦਰਦ, ਸਰੀਰ ਵਿਚ ਦਰਦ ਜਾਂ ਹਲਕੀ ਸੱਟ 'ਤੇ ਵੀ ਫਰੈਕਚਰ ਹੋਣ ਦੀ ਸ਼ਿਕਾਇਤ ਹੈ ਤਾਂ ਬੋਨ ਡੇਂਸਿਟੀ ਟੈਸਟ (ਬੀ ਡੀ ਟੀ) ਕਰਵਾਉਣਾ ਚਾਹੀਦਾ ਹੈ। ਇਸ ਨੂੰ ਡੇਕਸਾ ਸਕੈਨ ਵੀ ਕਹਿੰਦੇ ਹਨ। ਕੇਵਲ ਦਰਦ ਦੀ ਆਮ ਸਮੱਸਿਆ ਹੈ ਤਾਂ ਵੀ ਮਾਹਿਰ ਦੀ ਸਲਾਹ ਨਾਲ ਟੈਸਟ ਕਰਵਾ ਲੈਣਾ ਚਾਹੀਦਾ ਹੈ। ਜ਼ਰੂਰੀ ਨਹੀਂ ਕਿ ਰਰ ਦਰਦ ਆਸਟਯੋਪੋਰੋਸਿਸ ਜਾਂ ਆਰਥਰਾਇਟਿਸ ਦਾ ਹੀ ਰੇਵ ਪਰ ਟੈਸਟ ਨਾਲ ਭਵਿੱਖ ਦੀਆਂ ਸਮਸਿਆਵਾਂ ਤੋਂ ਬਚਿਆ ਜਾ ਸਕਦਾ ਹੈ।

ਡਾਇਟ

ਪ੍ਰੋਟੀਨ ਅਤੇ ਕੈਲਸ਼ੀਅਮ ਨਾਲ ਭਰਪੂਰ ਡਾਇਟ ਲਵੋ ਜਿਵੇਂ ਮੱਛੀ, ਸੋਇਆਬੀਨ, ਦਾਲਾਂ, ਮੱਕੀ ਆਦਿ ਨੂੰ ਖਾਣੇ ਵਿਚ ਸ਼ਾਮਿਲ ਕਰੋ। ਕੈਲਸ਼ੀਅਮ ਲਈ ਦੁੱਧ ਅਤੇ ਦੁੱਧ ਤੋਂ ਬਣੀਆਂ ਚੀਜ਼ਾਂ ਜਿਵੇਂ ਪਨੀਰ, ਦਹੀਂ ਜ਼ਿਆਦਾ ਖਾਓ।



ਹੱਡੀਆਂ ਦੀ ਬਣਾਵਟ ਲਗਾਤਾਰ ਚਲਦੀ ਰਹਿੰਦੀ ਹੈ। ਔਰਤਾਂ ਦੇ ਸਰੀਰ ਵਿਚ ਕੁੱਝ ਅਜਿਹੇ ਹਾਰਮੋਨਜ਼ ਹੁੰਦੇ ਹਨ, ਜੋ ਉਨ੍ਹਾਂ ਨੂੰ ਇਸ ਰੋਗ ਤੋਂ ਦੂਰ ਰੱਖਦੇ ਹਨ ਪਰ ਵਧਦੀ ਉਮਰ ਵਿਚ ਜਦੋਂ ਇਸ ਹਾਰਮੋਨਜ਼ ਦਾ ਬਣਨਾ ਘੱਟ ਹੋਣ ਲੱਗਦਾ ਹੈ ਤਾਂ ਰੋਗ ਦੀ ਸੰਦੇਹ ਵੀ ਵੱਧ ਜਾਂਦਾ ਹੈ। ਕਈ ਵਾਰ ਖਾਣ-ਪੀਣ 'ਤੇ ਧਿਆਨ ਨਾ ਦੇਣ ਦੇ ਕਾਰਨ ਵੀ ਉਹ ਘਾਟ ਰਹਿ ਜਾਂਦੀ ਹੈ। ਜਿਸ ਦੇ ਨਾਲ ਅੱਗੇ ਚਲਕੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਔਰਤਾਂ ਵਿਚ ਪਿਪ ਫਰੈਕਚਰ ਦੀ ਸੰਦੇਹ ਓਨੀ ਹੀ

ਪਛਾਣ

ਆਸਟਯੋਪੋਰੋਸਿਸ ਆਮ ਤੌਰ ਉੱਤੇ ਬਹੁਤ ਸਾਫ਼ ਨਹੀਂ ਦਿਖਦੇ। ਇਸ ਨੂੰ ਸਾਇਲੇਂਟ ਰੋਗ ਵੀ ਕਹਿੰਦੇ ਹਾਂ। ਹਾਲਾਂਕਿ ਕੁੱਝ ਅਜਿਹੇ ਲੱਛਣ ਹਨ ਜਿਨ੍ਹਾਂ ਨੂੰ ਅਣਡਿੱਠਾ ਨਹੀਂ ਕਰਨਾ ਚਾਹੀਦਾ ਹੈ ਅਤੇ ਤੁਰੰਤ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ। ਸਰੀਰ ਵਿਚ ਲਗਾਤਾਰ ਥਕਾਵਟ, ਹੱਥ ਪੈਰਾਂ ਵਿਚ ਦਰਦ, ਕਮਰ ਵਿਚ ਦਰਦ, ਹਲਕੀ ਜਿਹੀ ਸੱਟ ਤੇ ਹੱਡੀਆਂ ਦਾ ਟੁੱਟ ਜਾਣਾ, ਕੰਮ ਦੀ ਇੱਛਾ ਦੀ ਘੱਟ ਆਦਿ।

ਇਲਾਜ

ਆਸਟਯੋਪੋਰੋਸਿਸ ਦੇ ਇਲਾਜ ਵਿਚ ਮੈਡੀਕਲ ਅਤੇ ਨਾਨ ਮੈਡੀਕਲ ਦੋਵਾਂ ਪਹਿਲੂਆਂ ਦਾ ਧਿਆਨ ਰੱਖਿਆ ਜਾਂਦਾ ਹੈ। ਮੈਡੀਕਲ ਵਿਚ ਦਵਾਈਆਂ, ਟੀਕੇ ਅਤੇ ਸਰਜਰੀ ਸ਼ਾਮਿਲ ਹਨ ਜਦੋਂ ਕਿ ਨਾਨ ਮੈਡੀਕਲ ਵਿਚ ਹੱਡੀਆਂ ਨੂੰ ਮਜ਼ਬੂਤ ਬਣਾਉਣ ਵਾਲੀ ਕਸਰਤ, ਪ੍ਰੋਟੀਨ ਅਤੇ ਕੈਲਸ਼ੀਅਮ ਨਾਲ ਭਰਪੂਰ ਡਾਇਟ ਉੱਤੇ ਫੋਕਸ ਕੀਤਾ ਜਾਂਦਾ ਹੈ।

• ਡਾ: ਰਿਪੁਦਮਨ ਸਿੰਘ, ਡਾ: ਸੁਧੀਰ ਗੁਪਤਾ

ਅੱਖਾਂ ਦੀ ਇਨਫੈਕਸ਼ਨ

ਅੱਖਾਂ ਦੀ ਇਨਫੈਕਸ਼ਨ ਜੀਵਾਣੂ, ਬੈਕਟੀਰੀਆ ਤੇ ਵਾਇਰਲ ਦੇ ਕਾਰਨ ਹੁੰਦੀ ਹੈ। ਇਹ ਹਾਨੀਕਾਰਕ ਜੀਵਾਣੂ ਜ਼ਿਆਦਾਤਰ ਬਰਸਾਤ ਦੇ ਮੌਸਮ 'ਚ ਹੁੰਦੇ ਹਨ। ਇਹ ਅੱਖਾਂ ਦੇ ਉੱਪਰਲੇ ਭਾਗ, ਪੁਤਲੀਆਂ ਤੇ ਪਲਕਾਂ 'ਤੇ ਜ਼ਿਆਦਾ ਅਸਰ ਪਾਉਂਦੇ ਹਨ ਜਿਸ ਨਾਲ ਅੱਖਾਂ 'ਤੇ ਸੋਜ ਜਲਣ ਹੁੰਦੀ ਹੈ। ਇਸ ਕਰਕੇ ਅੱਖਾਂ ਜ਼ਰੂਰਤ ਤੋਂ ਜ਼ਿਆਦਾ ਲਾਲ ਹੋ ਜਾਂਦੀਆਂ ਹਨ ਤੇ ਅੱਖਾਂ 'ਚੋਂ ਪਾਣੀ ਨਿਕਲਣਾ ਸ਼ੁਰੂ ਹੋ ਜਾਂਦਾ ਹੈ। ਜੇ ਅੱਖਾਂ ਜ਼ਿਆਦਾ ਲਾਲ ਹਨ ਜਾਂ ਜਲਣ ਤੇ ਸੋਜ ਹੈ ਤਾਂ ਇਸ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ ਤੁਰੰਤ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।

ਇਨਫੈਕਸ਼ਨ ਕਈ ਪ੍ਰਕਾਰ ਦੀ ਹੁੰਦੀ ਹੈ। ਅੱਖਾਂ ਦੀ ਇਨਫੈਕਸ਼ਨ ਦਾ ਅਸਰ ਸਭ ਤੋਂ ਜ਼ਿਆਦਾ ਪਲਕਾਂ 'ਤੇ ਪੈਂਦਾ ਹੈ। ਪਲਕਾਂ ਦੇ ਅੰਦਰੂਨੀ ਹਿੱਸੇ 'ਚ ਸੋਜ ਹੋਣ ਦੇ ਕਾਰਨ ਅੱਖਾਂ ਦ

ਸੰਪਾਦਕੀ

ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਤੇਜ਼ੀ ਨਾਲ ਵਧ ਰਹੇ ਰੁਝਾਨ

ਬੀਤੇ ਕਈ ਮਹੀਨਿਆਂ ਤੋਂ ਮਸਨੂਈ ਬੁੱਧੀ ਯਾਨੀ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਤੇਜ਼ੀ ਨਾਲ ਵਧ ਰਹੇ ਰੁਝਾਨ ਕਾਰਨ ਡੇਟਾ ਸੈਂਟਰਾਂ ਦਾ ਹੋ ਰਿਹਾ ਤੇਜ਼ੀ ਨਾਲ ਵਿਸਥਾਰ ਵੱਡੇ ਆਰਥਿਕ ਮੌਕੇ ਲੈ ਕੇ ਆ ਰਿਹਾ ਹੈ। ਹਾਲਾਂਕਿ ਅਮਰੀਕਾ, ਯੂਰੋਪ ਅਤੇ ਭਾਰਤ ਵਿੱਚ ਇਸ ਦਾ ਵਧ ਰਿਹਾ ਵਿਰੋਧ ਇੱਕ ਅਹਿਮ ਚੇਤਾਵਨੀ ਹੈ ਕਿ ਤਕਨੀਕੀ ਤਰੱਕੀ ਲੋਕਾਂ ਅਤੇ ਵਾਤਾਵਰਣ ਦੀ ਕੀਮਤ 'ਤੇ ਨਹੀਂ ਹੋਣੀ ਚਾਹੀਦੀ। ਅਮਰੀਕਾ ਦੀਆਂ ਹਾਲੀਆ ਮੱਧਕਾਲੀ ਚੋਣਾਂ ਨੇ ਡੇਟਾ ਸੈਂਟਰ ਪ੍ਰੋਜੈਕਟਾਂ ਪ੍ਰਤੀ ਲੋਕਾਂ ਦੇ ਰੋਹ ਨੂੰ ਸਾਹਮਣੇ ਲਿਆਂਦਾ ਹੈ, ਖ਼ਾਸ ਕਰਕੇ ਇਨ੍ਹਾਂ ਲਈ ਬਿਜਲੀ ਦੀ ਭਾਰੀ ਲੋੜ, ਪਾਣੀ ਦੀ ਵੱਡੀ ਖਪਤ ਅਤੇ ਸਥਾਨਕ ਸਾਧਨਾਂ 'ਤੇ ਪੈ ਰਹੇ ਮਾੜੇ ਪ੍ਰਭਾਵ ਕਾਰਨ। ਟੈਕਸਾਸ ਵਿੱਚ ਪਾਣੀ ਦੇ ਘਟ ਰਹੇ ਭੰਡਾਰਾਂ ਨੂੰ ਲੈ ਕੇ ਕਿਸਾਨਾਂ ਦੀਆਂ ਚਿੰਤਾਵਾਂ ਇੱਕ ਵੱਡਾ ਸਿਆਸੀ ਮੁੱਦਾ ਬਣ ਗਈਆਂ ਹਨ। ਅਮਰੀਕਾ ਦੇ ਕਈ ਸੂਬਿਆਂ ਵਿੱਚ ਦਿਖਾਈ ਦੇ ਰਿਹਾ ਅਜਿਹਾ ਵਿਰੋਧ ਇਹ ਸਪੱਸ਼ਟ ਕਰਦਾ ਹੈ ਕਿ ਲੋਕ ਹੁਣ ਉਨ੍ਹਾਂ ਫ਼ੈਸਲਿਆਂ ਵਿੱਚ ਆਪਣੀ ਅਹਿਮ ਭਾਗੀਦਾਰੀ ਚਾਹੁੰਦੇ ਹਨ, ਜੋ ਸਿੱਧੇ ਤੌਰ 'ਤੇ ਉਨ੍ਹਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਦੇ ਹਨ।

ਭਾਰਤ ਵਿੱਚ, ਮਹਾਰਾਸ਼ਟਰ, ਆਂਧਰਾ ਪ੍ਰਦੇਸ਼ ਅਤੇ ਤੇਲੰਗਾਨਾ ਵਰਗੇ ਸੂਬੇ ਇਸ ਸਮੇਂ ਇੱਕ ਫ਼ੈਸਲਾਕੁੰਨ ਮੋੜ 'ਤੇ ਖੜ੍ਹੇ ਹਨ। ਵੱਡੀਆਂ ਨਿਵੇਸ਼ ਮੁਹਿੰਮਾਂ, ਜਿਨ੍ਹਾਂ ਵਿੱਚ ਡੇਟਾ ਸੈਂਟਰਾਂ ਦੇ ਵੱਡੇ ਪ੍ਰਸਤਾਵ ਵੀ ਸ਼ਾਮਲ ਹਨ, ਡਿਜੀਟਲ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰ ਸਕਦੀਆਂ ਹਨ ਅਤੇ ਰੁਜ਼ਗਾਰ ਦੇ ਮੌਕੇ ਪੈਦਾ ਕਰ ਸਕਦੀਆਂ ਹਨ। ਇਸ ਦੇ ਨਾਲ ਹੀ, ਕੰਪਨੀਆਂ ਨੂੰ ਕੁਦਰਤੀ ਸਾਧਨਾਂ ਦੀ ਸੰਭਾਲ ਲਈ ਜ਼ਿੰਮੇਵਾਰਾਨਾ ਤਰੀਕਿਆਂ ਨੂੰ ਪਹਿਲ ਦੇਣੀ ਚਾਹੀਦੀ ਹੈ। ਹਰੇਕ ਡੇਟਾ ਸੈਂਟਰ ਪ੍ਰੋਜੈਕਟ ਨੂੰ ਤਿੰਨ ਬੁਨਿਆਦੀ ਪੱਖਾਂ (ਕਾਰੋਬਾਰ, ਸਮਾਜ ਅਤੇ ਵਾਤਾਵਰਣ) ਵਿੱਚ ਸੰਤੁਲਨ ਬਣਾ ਕੇ ਰੱਖਣ ਦੀ ਲੋੜ ਹੈ। ਕੰਪਨੀਆਂ ਨੂੰ ਊਰਜਾ-ਕੁਸ਼ਲ ਤਕਨਾਲੋਜੀਆਂ, ਨਵਿਆਉਣਯੋਗ ਬਿਜਲੀ, ਟਿਕਾਊ ਕੂਲਿੰਗ (ਠੰਢਾ ਰੱਖਣ ਵਾਲੀਆਂ) ਪ੍ਰਣਾਲੀਆਂ ਅਤੇ ਜਿੱਥੇ ਵੀ ਮੁਮਕਿਨ ਹੋਵੇ, ਪਾਣੀ ਦੀ ਵਰਤੋਂ ਤੋਂ ਬਿਨਾਂ ਚੱਲਣ ਵਾਲੀਆਂ ਤਕਨਾਲੋਜੀਆਂ ਵਿੱਚ ਨਿਵੇਸ਼ ਕਰਨਾ ਚਾਹੀਦਾ ਹੈ। ੬ ਭੋਗਾਪੁਰਮ (ਆਂਧਰਾ ਪ੍ਰਦੇਸ਼) ਵਿੱਚ ਹਾਲ ਹੀ ਦੀਆਂ ਸਥਾਨਕ ਚੋਣਾਂ ਵਿੱਚ ਦੋ ਕਿਸਾਨ ਇਸ ਲਈ ਜਿੱਤੇ, ਕਿਉਂਕਿ ਡੇਟਾ ਸੈਂਟਰਾਂ ਬਾਰੇ ਉਨ੍ਹਾਂ ਦੀਆਂ ਚਿੰਤਾਵਾਂ ਨੇ ਵੋਟਰਾਂ ਦੇ ਮਨਾਂ ਨੂੰ ਡੂੰਘਾ ਪ੍ਰਭਾਵਿਤ ਕੀਤਾ। ਅਸਲ ਵਿੱਚ, ਕਿਸੇ ਵੀ ਪ੍ਰੋਜੈਕਟ ਨੂੰ ਮਨਜ਼ੂਰੀ ਮਿਲਣ ਤੋਂ ਪਹਿਲਾਂ ਸਥਾਨਕ ਲੋਕਾਂ ਨੂੰ ਸਾਧਨਾਂ ਦੀ ਖਪਤ, ਵਾਤਾਵਰਣ ਉੱਤੇ ਪੈਣ ਵਾਲੇ ਪ੍ਰਭਾਵਾਂ ਅਤੇ ਆਰਥਿਕ ਲਾਭਾਂ ਬਾਰੇ ਸਪੱਸ਼ਟ ਜਾਣਕਾਰੀ ਮਿਲਣੀ ਚਾਹੀਦੀ ਹੈ। ਸਥਾਨਕ ਲੋਕਾਂ ਨੂੰ ਸਿਰਫ਼ ਮੂਕ ਦਰਸ਼ਕ ਸਮਝਣ ਦੀ ਬਜਾਏ ਵਿਕਾਸ ਵਿੱਚ ਅਸਲ ਭਾਈਵਾਲ ਬਣਾਇਆ ਜਾਣਾ ਚਾਹੀਦਾ ਹੈ। ਡੇਟਾ ਸੈਂਟਰ ਭਾਰਤ ਦੇ ਡਿਜੀਟਲ ਭਵਿੱਖ ਨੂੰ ਮਜ਼ਬੂਤੀ ਦੇ ਸਕਦੇ ਹਨ, ਪਰ ਇਨ੍ਹਾਂ ਦੀ ਸਫਲਤਾ ਨੂੰ ਸਿਰਫ਼ ਨਿਵੇਸ਼ ਦੇ ਅੰਕੜਿਆਂ ਅਤੇ ਕੰਪਿਊਟਿੰਗ ਸਮਰੱਥਾ ਦੇ ਆਧਾਰ 'ਤੇ ਹੀ ਨਹੀਂ, ਸਗੋਂ ਪੈਦਾ ਹੋਏ ਰੁਜ਼ਗਾਰ, ਸਾਧਨਾਂ ਦੀ ਸੰਭਾਲ ਅਤੇ ਲੋਕਾਂ ਦੇ ਸ਼ਕਤੀਕਰਨ ਰਾਹੀਂ ਮਾਪਿਆ ਜਾਣਾ ਚਾਹੀਦਾ ਹੈ। ਅਜਿਹੀ ਤਰੱਕੀ ਦਾ ਫ਼ਾਇਦਾ ਹਰੇਕ ਨੂੰ ਮਿਲਣਾ ਚਾਹੀਦਾ ਹੈ, ਨਾ ਕਿ ਸਿਰਫ਼ ਤਕਨੀਕੀ ਦਿੱਗਜਾਂ ਨੂੰ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਆਨਲਾਈਨ ਜਨਗਣਨਾ ਦੇ ਦੂਜੇ ਪੜਾਅ ਦੀ ਸ਼ੁਰੂਆਤ

➢ ਲੋਕ 16 ਤੋਂ 30 ਨਵੰਬਰ ਤੱਕ ਆਨਲਾਈਨ ਸਵੈ-ਗਣਨਾ ਪੂਰੀ ਕਰ ਸਕਦੇ ਹਨ ➢ ਦੂਜੇ ਪੜਾਅ ਵਿੱਚ ਪਰਿਵਾਰਕ ਮੈਂਬਰਾਂ, ਆਮਦਨ, ਰਿਹਾਇਸ਼ ਅਤੇ ਸਿੱਖਿਆ ਦੇ ਵੇਰਵਿਆਂ ਦੀ ਲੋੜ ➢ ਜਨਗਣਨਾ ਅਧਿਕਾਰੀ 1 ਦਸੰਬਰ ਤੋਂ 4 ਜਨਵਰੀ ਤੱਕ ਘਰ-ਘਰ ਜਾ ਕੇ ਗਣਨਾ ਕਰਨਗੇ ➢ ਕਿਸੇ ਦਸਤਾਵੇਜ਼ ਦੀ ਲੋੜ ਨਹੀਂ; ਸਾਰੀ ਜਾਣਕਾਰੀ ਗੁਪਤ ਰਹੇਗੀ

ਸੰਗਰੂਰ, 21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਆਪਣੀ ਅਤੇ ਆਪਣੇ ਪਰਿਵਾਰ ਦੀ ਸਵੈ-ਗਣਨਾ ਪੂਰੀ ਕਰ ਕੇ ਜਨਗਣਨਾ 2027 ਦੇ ਦੂਜੇ ਪੜਾਅ ਦੀ ਸ਼ੁਰੂਆਤ ਕੀਤੀ ਅਤੇ ਹਰ ਪੰਜਾਬੀ ਨੂੰ ਇਸ ਅਹਿਮ ਰਾਸ਼ਟਰੀ ਕਾਰਜ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦਾ ਸੱਦਾ ਦਿੱਤਾ। ਲੋਕਾਂ ਨੂੰ 16 ਤੋਂ 30 ਨਵੰਬਰ ਤੱਕ ਆਪਣੀ ਆਨਲਾਈਨ ਸਵੈ-ਗਣਨਾ ਪੂਰੀ ਕਰਨ ਦੀ ਅਪੀਲ ਕਰਦਿਆਂ ਉਨ੍ਹਾਂ ਕਿਹਾ ਕਿ ਪਰਿਵਾਰਾਂ, ਪਰਿਵਾਰਕ ਮੈਂਬਰਾਂ, ਆਮਦਨ, ਸਿੱਖਿਆ ਅਤੇ ਰਹਿਣ-ਸਹਿਣ ਦੀਆਂ ਸਥਿਤੀਆਂ ਬਾਰੇ ਸਹੀ ਅੰਕੜੇ ਪੰਜਾਬ ਦੀ ਭਵਿੱਖੀ ਯੋਜਨਾਬੰਦੀ ਅਤੇ ਵਿਕਾਸ ਨੀਤੀਆਂ ਦੀ ਨੀਂਹ ਬਣਨਗੇ। ਲੋਕਾਂ ਨੂੰ ਇਹ ਭਰੋਸਾ ਦਿਵਾਉਂਦਿਆਂ ਕਿ ਇਸ ਲਈ ਕਿਸੇ ਵੀ ਦਸਤਾਵੇਜ਼ ਦੀ ਲੋੜ ਨਹੀਂ ਪਵੇਗੀ ਅਤੇ ਸਾਰੀ ਜਾਣਕਾਰੀ ਪੂਰੀ ਤਰ੍ਹਾਂ ਗੁਪਤ ਰਹੇਗੀ, ਉਨ੍ਹਾਂ ਪੰਜਾਬੀਆਂ ਨੂੰ ਸਹੀ ਵੇਰਵੇ ਦੇਣ ਅਤੇ ਸੂਬੇ ਦੇ ਵਿਕਾਸ ਦਾ ਖਾਕਾ ਤਿਆਰ ਕਰਨ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਣ ਦੀ ਅਪੀਲ ਕੀਤੀ।

ਇਸ ਮੌਕੇ ਦੀਆਂ ਕੁੱਝ ਝਲਕੀਆਂ ਸਾਂਝੀਆਂ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਅੱਜ ਅਸੀਂ ਪੰਜਾਬ ਵਿੱਚ ਜਨਗਣਨਾ 2027 ਦੇ ਦੂਜੇ ਪੜਾਅ ਤਹਿਤ ਸਵੈ-ਗਣਨਾ ਪ੍ਰਕਿਰਿਆ ਦੀ ਸ਼ੁਰੂਆਤ ਕੀਤੀ ਹੈ। ਇਹ ਪ੍ਰਕਿਰਿਆ 16 ਤੋਂ 30 ਨਵੰਬਰ ਤੱਕ ਜਾਰੀ ਰਹੇਗੀ, ਜਿਸ ਰਾਹੀਂ ਲੋਕ ਘਰ ਬੈਠੇ ਹੀ ਆਨਲਾਈਨ ਆਪਣੇ ਵੇਰਵੇ ਜਮ੍ਹਾਂ ਕਰਵਾ ਸਕਦੇ ਹਨ। ਇਸ ਤੋਂ ਬਾਅਦ 1 ਦਸੰਬਰ ਤੋਂ 4 ਜਨਵਰੀ ਤੱਕ ਘਰ-ਘਰ ਜਾ ਕੇ ਗਣਨਾ ਕੀਤੀ ਜਾਵੇਗੀ। ਇਕੱਤਰ ਕੀਤੇ ਗਏ ਇਹ ਅੰਕੜੇ ਸੂਬੇ ਦੀਆਂ ਭਵਿੱਖੀ ਯੋਜਨਾਵਾਂ ਅਤੇ ਵਿਕਾਸ ਨੀਤੀਆਂ ਨੂੰ ਨਵਾਂ ਰੂਪ ਦੇਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਮੈਂ ਸਾਰੇ ਪੰਜਾਬੀਆਂ ਨੂੰ ਅਪੀਲ ਕਰਦਾ ਹਾਂ ਕਿ ਉਹ ਇਸ ਕੌਮੀ ਕਾਰਜ ਵਿੱਚ ਪੂਰੇ ਉਤਸ਼ਾਹ ਨਾਲ ਹਿੱਸਾ ਲੈਣ, ਸਹੀ ਜਾਣਕਾਰੀ ਦੇਣ ਅਤੇ ਸਰਕਾਰ ਨੂੰ ਆਪਣਾ ਸਹਿਯੋਗ ਦੇਣ।

ਇਸ ਮੌਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ 16 ਸਾਲਾਂ ਦੇ ਵਕਫ਼ੇ ਤੋਂ ਬਾਅਦ ਭਾਰਤ ਦੀ ਜਨਗਣਨਾ ਕਰਵਾਈ ਜਾ ਰਹੀ ਹੈ ਅਤੇ ਉਨ੍ਹਾਂ ਨੇ ਇਸ ਵਿਸ਼ਾਲ ਦੇਸ਼ ਵਿਆਪੀ ਮੁਹਿੰਮ ਦਾ ਹਿੱਸਾ ਬਣਨ 'ਤੇ ਤਸੱਲੀ ਪ੍ਰਗਟਾਈ। ਉਨ੍ਹਾਂ ਕਿਹਾ, ਜਨਗਣਨਾ ਦੋ ਪੜਾਵਾਂ ਵਿੱਚ ਕਰਵਾਈ ਜਾ ਰਹੀ ਹੈ, ਜਿਸ ਦਾ ਪਹਿਲਾ ਪੜਾਅ, ਜਿਸ ਵਿੱਚ ਘਰਾਂ ਦੀ ਸੂਚੀ ਬਣਾਉਣਾ ਅਤੇ ਮਕਾਨਾਂ ਦੀ ਗਣਨਾ ਸ਼ਾਮਲ ਸੀ, ਪੰਜਾਬ ਵਿੱਚ ਪਹਿਲਾਂ ਹੀ ਸਫ਼ਲਤਾਪੂਰਵਕ ਮੁਕੰਮਲ ਹੋ ਚੁੱਕਾ ਹੈ। ਇਸ ਪੜਾਅ ਦੌਰਾਨ ਘਰਾਂ ਦੀ ਹਾਲਤ, ਉਪਲਬਧ ਸਹੂਲਤਾਂ ਅਤੇ ਘਰੇਲੂ ਜਾਇਦਾਦਾਂ ਬਾਰੇ ਜਾਣਕਾਰੀ ਇਕੱਠੀ ਕੀਤੀ ਗਈ ਸੀ।

ਸਾਰੇ ਜਨਗਣਨਾ ਅਧਿਕਾਰੀਆਂ, ਗਣਨਾਕਾਰਾਂ, ਸੁਪਰਵਾਈਜ਼ਰਾਂ, ਮਾਸਟਰ ਟ੍ਰੇਨਰਾਂ, ਫੀਲਡ ਟ੍ਰੇਨਰਾਂ ਅਤੇ ਸੂਬਾ ਪ੍ਰਸ਼ਾਸਨ ਦੇ ਹੋਰ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਲਗਨ ਅਤੇ ਸਖ਼ਤ ਮਿਹਨਤ ਦੀ ਸ਼ਲਾਘਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੇ ਸਮਰਪਿਤ ਯਤਨਾਂ ਨੇ ਪਹਿਲੇ ਪੜਾਅ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ ਅਤੇ ਇਹ ਯਤਨ, ਪੂਰੇ ਕਾਰਜ ਨੂੰ ਸਹੀ ਤੇ ਵਿਆਪਕ ਬਣਾਉਣ ਵਿੱਚ ਸਹਾਈ ਸਿੱਧ ਹੋਣਗੇ।

ਮੁੱਖ ਮੰਤਰੀ ਨੇ ਕਿਹਾ ਕਿ ਦੂਜਾ ਪੜਾਅ, 'ਆਬਾਦੀ ਗਣਨਾ' ਅੱਜ ਨੂੰ ਸ਼ੁਰੂ ਹੋ ਗਿਆ ਹੈ, ਜਿਸ ਦੌਰਾਨ ਹਰੇਕ ਨਾਗਰਿਕ ਦੀ ਜਨਸੰਖਿਆ ਪ੍ਰੋਫਾਈਲ, ਸਮਾਜਿਕ-ਆਰਥਿਕ ਸਥਿਤੀ, ਪਰਵਾਸ, ਸਿੱਖਿਆ ਅਤੇ ਪ੍ਰਜਨਨ ਦਰ ਨਾਲ ਸਬੰਧਤ ਜਾਣਕਾਰੀ ਇਕੱਤਰ ਕੀਤੀ ਜਾਵੇਗੀ। ਉਨ੍ਹਾਂ ਅੱਗੇ ਕਿਹਾ, ਇਸ ਮੁਹਿੰਮ ਰਾਹੀਂ ਇਕੱਠੇ ਕੀਤੇ ਗਏ ਅੰਕੜੇ ਆਉਣ ਵਾਲੇ ਸਾਲਾਂ ਵਿੱਚ ਪੰਜਾਬ ਦੀ ਯੋਜਨਾਬੰਦੀ, ਵਿਕਾਸ ਅਤੇ ਲੋਕ ਭਲਾਈ ਨੀਤੀਆਂ ਨੂੰ ਸੇਧ ਦੇਣ ਲਈ ਮਹੱਤਵਪੂਰਨ ਨੀਂਹ ਵਜੋਂ ਕੰਮ ਕਰਨਗੇ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਇਹ ਬੜੇ ਮਾਣ ਅਤੇ ਤਸੱਲੀ ਵਾਲੀ ਗੱਲ ਹੈ ਕਿ ਪੰਜਾਬ ਦੇਸ਼ ਦੇ ਉਨ੍ਹਾਂ ਪਹਿਲੇ ਸੂਬਿਆਂ ਵਿੱਚੋਂ ਇੱਕ ਹੈ, ਜਿੱਥੇ ਇਹ ਕਾਰਜ ਸ਼ੁਰੂ ਕੀਤਾ ਜਾ ਰਿਹਾ ਹੈ। ਜਨਗਣਨਾ 2027 ਦੇ ਕਾਰਜਕ੍ਰਮ ਅਨੁਸਾਰ ਆਨਲਾਈਨ ਸਵੈ-ਗਣਨਾ 16 ਤੋਂ 30 ਨਵੰਬਰ, 2026 ਤੱਕ ਹੋਵੇਗੀ, ਜਿਸ ਤੋਂ ਬਾਅਦ 1 ਦਸੰਬਰ, 2026 ਤੋਂ 4 ਜਨਵਰੀ, 2027 ਤੱਕ ਘਰ-ਘਰ ਜਾ ਕੇ ਗਣਨਾ ਕੀਤੀ ਜਾਵੇਗੀ। ਸਾਰੇ ਪੰਜਾਬੀਆਂ ਨੂੰ ਇਸ ਮੁਹਿੰਮ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦੀ ਅਪੀਲ ਕਰਦਿਆਂ ਮੁੱਖ ਮੰਤਰੀ ਨੇ ਉਨ੍ਹਾਂ ਨੂੰ 16 ਨਵੰਬਰ ਤੋਂ 30 ਨਵੰਬਰ, 2026 ਦਰਮਿਆਨ ਆਨਲਾਈਨ ਆਪਣੀ ਸਵੈ-ਗਣਨਾ ਪੂਰੀ ਕਰਨ ਦੀ ਤਾਕੀਦ ਕੀਤੀ।



ਆਪਣਾ ਨਿੱਜੀ ਤਜਰਬਾ ਸਾਂਝਾ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਉਨ੍ਹਾਂ ਨੇ ਖ਼ੁਦ ਇਹ ਪ੍ਰਕਿਰਿਆ ਪੂਰੀ ਕੀਤੀ ਹੈ ਅਤੇ ਇਹ ਬਹੁਤ ਹੀ ਸਰਲ ਤੇ ਸੁਖਾਲੀ ਹੈ। ਉਨ੍ਹਾਂ ਕਿਹਾ, ਮੈਂ ਖ਼ੁਦ ਆਪਣੀ ਸਵੈ-ਗਣਨਾ ਪੂਰੀ ਕਰ ਲਈ ਹੈ ਅਤੇ ਇਹ ਸਾਰੀ ਪ੍ਰਕਿਰਿਆ ਬੇਹੱਦ ਆਸਾਨ ਅਤੇ ਸੁਵਿਧਾਜਨਕ ਹੈ। ਇਸ ਨੂੰ ਪੂਰਾ ਕਰਨ ਵਿੱਚ ਲਗਪਗ 25 ਤੋਂ 30 ਮਿੰਟ ਲੱਗਦੇ ਹਨ ਅਤੇ ਕੋਈ ਵੀ ਦਸਤਾਵੇਜ਼ ਜਮ੍ਹਾਂ ਕਰਵਾਉਣ ਦੀ ਲੋੜ ਨਹੀਂ ਹੈ। ਲੋਕਾਂ ਨੂੰ ਬਿਨਾਂ ਕਿਸੇ ਝਿਜਕ ਦੇ ਅੱਗੇ ਆਉਣਾ ਚਾਹੀਦਾ ਹੈ ਅਤੇ ਆਪਣੀ ਇਸ ਅਹਿਮ ਜ਼ਿੰਮੇਵਾਰੀ ਨੂੰ ਪੂਰਾ ਕਰਨਾ ਚਾਹੀਦਾ ਹੈ।

ਮੁੱਖ ਮੰਤਰੀ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਜਨਗਣਨਾ ਦੌਰਾਨ ਦਿੱਤੀ ਗਈ ਸਾਰੀ ਜਾਣਕਾਰੀ ਪੂਰੀ ਤਰ੍ਹਾਂ ਗੁਪਤ ਰਹੇਗੀ ਅਤੇ ਇਸ ਦੀ ਵਰਤੋਂ ਸਿਰਫ਼ ਯੋਜਨਾਬੰਦੀ ਅਤੇ ਵਿਕਾਸ ਕਾਰਜਾਂ ਲਈ ਹੀ ਕੀਤੀ ਜਾਵੇਗੀ।

ਹਰ ਨਾਗਰਿਕ ਨੂੰ ਆਬਾਦੀ ਗਣਨਾ ਮੁਹਿੰਮ ਵਿੱਚ ਪੂਰੇ ਦਿਲੋਂ ਹਿੱਸਾ ਲੈਣ ਦਾ ਸੱਦਾ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੂਰੀ ਇਮਾਨਦਾਰੀ ਅਤੇ ਉਤਸ਼ਾਹ ਨਾਲ ਸਵੈ-ਗਣਨਾ ਪੂਰੀ ਕਰਨਾ ਸਾਡੀ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਵਿੱਚ ਹਰ ਨਾਗਰਿਕ ਦੀ ਗਿਣਤੀ ਹੋਵੇਗੀ ਅਤੇ ਇਹ ਕਾਰਜ ਸਿਰਫ਼ ਅੰਕੜੇ ਇਕੱਠੇ ਕਰਨ ਤੱਕ ਸੀਮਤ ਨਹੀਂ ਹੈ, ਸਗੋਂ ਇਹ ਵਿਕਾਸ ਅਤੇ ਸਮਾਜਿਕ-ਆਰਥਿਕ ਨੀਤੀਆਂ ਲਈ ਪੰਜਾਬ ਦਾ ਭਵਿੱਖੀ ਖਾਕਾ ਤਿਆਰ ਕਰਨ ਬਾਰੇ ਹੈ।

ਮੁੱਖ ਮੰਤਰੀ ਨੇ ਅੱਗੇ ਕਿਹਾ, ਇਹ ਭਾਰਤ ਦੀ ਪਹਿਲੀ ਡਿਜੀਟਲ ਜਨਗਣਨਾ ਹੈ, ਜਿਸ ਵਿੱਚ ਮੋਬਾਈਲ ਐਪਲੀਕੇਸ਼ਨ ਅਤੇ ਆਨਲਾਈਨ ਸਵੈ-ਗਣਨਾ ਸਹੂਲਤ ਰਾਹੀਂ ਅੰਕੜੇ ਇਕੱਠੇ ਕੀਤੇ ਜਾ ਰਹੇ ਹਨ। ਜਨਗਣਨਾ ਦੇ ਸਾਰੇ ਅੰਕੜੇ ਗੁਪਤ ਰਹਿਣਗੇ। ਹਰ ਨਾਗਰਿਕ ਨੂੰ ਇਸ ਵਿੱਚ ਹਿੱਸਾ ਲੈਣਾ ਚਾਹੀਦਾ ਹੈ ਕਿਉਂਕਿ ਇਹ ਕਾਰਜ ਸਾਡੇ ਸੂਬੇ ਦੇ ਭਵਿੱਖ ਨੂੰ ਸੰਵਾਰਨ ਵਿੱਚ ਮਦਦ ਕਰੇਗਾ।

ਇਸ ਮੌਕੇ ਡਾਇਰੈਕਟਰ ਜਨਗਣਨਾ ਅਪਰੇਸ਼ਨਜ਼ ਪੰਜਾਬ ਡਾ. ਨਵਜੋਤ ਖੋਸਾ ਨੇ ਮੁੱਖ ਮੰਤਰੀ ਨੂੰ ਜਨਗਣਨਾ 2027 ਦੇ ਦੂਜੇ ਪੜਾਅ ਲਈ ਸਵੈ-ਗਣਨਾ ਪ੍ਰਕਿਰਿਆ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਬਹਿਰਾ ਕਾਲਜ ਆਫ਼ ਲਾਅ, ਪਟਿਆਲਾ ਵਿਖੇ ਸੈਮੀਨਾਰ ਦਾ ਆਯੋਜਨ

ਦੇਵੀਗੜ੍ਹ,21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਬਹਿਰਾ ਕਾਲਜ ਆਫ਼ ਲਾਅ, ਪਟਿਆਲਾ ਵਿਖੇ ਮਹਾਨ ਆਜ਼ਾਦੀ ਘੁਲਾਟੀਏ ਅਤੇ ਕ੍ਰਾਂਤੀਕਾਰੀ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਇੱਕ ਵਿਸ਼ੇਸ਼ ਸੈਮੀਨਾਰ ਦਾ ਆਯੋਜਨ ਕੀਤਾ ਗਿਆ।

ਇਸ ਮੌਕੇ ਦੇਸ਼ ਦੀ ਆਜ਼ਾਦੀ ਲਈ ਉਨ੍ਹਾਂ ਵੱਲੋਂ ਦਿੱਤੀ ਗਈ ਮਹਾਨ ਕੁਰਬਾਨੀ ਅਤੇ ਅਹਿਮ ਯੋਗਦਾਨ ਨੂੰ ਸ਼ਰਧਾ ਸਹਿਤ ਯਾਦ ਕੀਤਾ ਗਿਆ।



ਸੈਮੀਨਾਰ ਦਾ ਉਦਘਾਟਨ ਕਾਲਜ ਦੀ ਵਾਈਸ ਪ੍ਰਿੰਸੀਪਲ ਮੈਡਮ ਬਲਜਿੰਦਰ ਕੌਰ ਵੱਲੋਂ ਕੀਤਾ ਗਿਆ। ਉਨ੍ਹਾਂ ਨੇ ਆਪਣੇ ਸੰਬੋਧਨ ਵਿੱਚ ਮਹਾਨ ਆਜ਼ਾਦੀ ਘੁਲਾਟੀਆਂ ਦੀਆਂ ਕੁਰਬਾਨੀਆਂ ਨੂੰ ਯਾਦ ਰੱਖਣ ਅਤੇ ਨੌਜਵਾਨ ਪੀੜ੍ਹੀ ਨੂੰ ਦੇਸ਼ ਭਗਤੀ, ਹਿੰਮਤ ਅਤੇ ਰਾਸ਼ਟਰ ਪ੍ਰਤੀ ਸਮਰਪਣ ਦੀ ਭਾਵਨਾ ਨਾਲ ਪ੍ਰੇਰਿਤ ਕਰਨ ਦੀ ਮਹੱਤਤਾ ਬਾਰੇ ਵਿਚਾਰ ਸਾਂਝੇ ਕੀਤੇ।

ਇਸ ਮੌਕੇ ਵਿਭਾਗ ਦੇ ਮੁਖੀ ਡਾ. ਪੰਕਜ ਨੇ ਵਿਸ਼ੇਸ਼ ਲੈਕਚਰ ਦਿੱਤਾ। ਉਨ੍ਹਾਂ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੀਵਨ, ਕ੍ਰਾਂਤੀਕਾਰੀ ਗਤੀਵਿਧੀਆਂ ਅਤੇ ਭਾਰਤੀ ਆਜ਼ਾਦੀ ਸੰਗਰਾਮ ਵਿੱਚ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਬਾਰੇ ਵਿਸਥ

ਕਿਸਾਨ ਬੀਬੀਆਂ ਨੂੰ ਘਰੇਲੂ ਆਮਦਨ 'ਚ ਬਦਲਦਾ ਯੋਗਦਾਨ ਪਾਉਣ ਲਈ, ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਕਿੱਤਾ ਮੁੱਖੀ ਸਿਖਲਾਈ ਕੋਰਸਾਂ ਦੁਆਰਾ ਮੁਫ਼ਤ ਸਿਖਲਾਈ ਦੇਣ ਦੇ ਯੋਗ ਉਪਰਾਲੇ ਕੀਤੇ ਜਾ ਰਹੇ ਹਨ। ਬਹੁਤ ਸਾਰੀਆਂ ਬੀਬੀਆਂ ਇਨ੍ਹਾਂ ਅਦਾਰਿਆਂ ਨਾਲ ਜੁੜ ਕੇ ਸਫ਼ਲਤਾ ਹਾਸਿਲ ਕਰ ਚੁੱਕੀਆਂ ਹਨ...

ਬਹੁ ਕਿੱਤੇ ਅਪਨਾਉਣ ਵਾਲੀ ਬੀਬੀ ਵੀਰਪਾਲ ਕੌਰ



ਆਪਣੀ ਦੁਕਾਨ ਵਿਚ ਦੁਪਟੇ ਡਾਈ ਕਰਦੀ ਬੀਬੀ ਵੀਰਪਾਲ ਕੌਰ

• ਜਸਵਿੰਦਰ ਕੌਰ ਬਰਾੜ, ਕੁਲਦੀਪ ਕੌਰ

ਸਮੇਂ ਦੀ ਲੋੜ ਅਨੁਸਾਰ ਅੱਜ-ਕੱਲ੍ਹ ਕਿਸਾਨ ਵੀਰਾਂ ਦੇ ਨਾਲ ਨਾਲ ਬੀਬੀਆਂ ਵੀ ਕਮਾਈ ਦੇ ਸਾਧਨ ਅਪਨਾਉਣ ਪ੍ਰਤੀ ਥੋੜ੍ਹਾ ਜਾਗਰੂਕ ਹੋਈਆਂ ਹਨ। ਕਿੱਤਾ ਮੁੱਖੀ ਸਿਖਲਾਈ ਲੈਣ ਨਾਲ ਜਿੱਥੇ ਬੇਰੁਜ਼ਗਾਰੀ ਦੀ ਸੱਮਸਿਆ ਨੂੰ ਠੱਲ੍ਹ ਪੈਂਦੀ ਹੈ ਉੱਥੇ ਪਰਿਵਾਰ ਦੀ ਆਮਦਨ ਵਿਚ ਵੀ ਵਾਧਾ ਹੁੰਦਾ ਹੈ ਅਤੇ ਆਤਮ-ਨਿਰਭਰਤਾ ਨੂੰ ਵੀ ਸਹਾਰਾ ਮਿਲਦਾ ਹੈ। ਕਿਸਾਨ ਬੀਬੀਆਂ ਨੂੰ ਘਰੇਲੂ ਆਮਦਨ ਵਿਚ ਬਣਦਾ ਯੋਗਦਾਨ ਪਾਉਣ ਲਈ ਪੀਏਯੂ, ਲੁਧਿਆਣਾ ਅਧੀਨ ਕੰਮ ਕਰ ਰਹੇ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਕਿੱਤਾ ਮੁੱਖੀ ਸਿਖਲਾਈ ਕੋਰਸਾਂ ਦੁਆਰਾ ਮੁਫ਼ਤ ਸਿਖਲਾਈ ਦੇਣ ਦੇ ਯੋਗ ਉਪਰਾਲੇ ਕੀਤੇ ਜਾ ਰਹੇ ਹਨ। ਬਹੁਤ ਸਾਰੀਆਂ ਬੀਬੀਆਂ ਇਨ੍ਹਾਂ ਅਦਾਰਿਆਂ ਨਾਲ ਜੁੜ ਕੇ ਸਫ਼ਲਤਾ ਹਾਸਿਲ ਕਰ ਚੁੱਕੀਆਂ ਹਨ। ਆਓ ਇੰਨ੍ਹਾਂ ਵਿੱਚੋਂ ਹੀ ਇਕ ਸਫ਼ਲ ਬੀਬੀ ਵੀਰਪਾਲ ਕੌਰ ਪਿੰਡ ਰੋਮਾਣਾ ਅਜੀਤ ਸਿੰਘ ਜੋ ਕਿ ਬਠਿੰਡਾ ਤੋਂ 27 ਕਿਲੋਂ ਮੀਟਰ ਦੀ ਦੂਰੀ ਤੇ ਸਥਿਤ ਹੈ, ਬਾਰੇ ਜਾਣੀਏ ਕਿ ਉਸ ਨੇ ਕਿਵੇਂ ਸਫ਼ਲਤਾ ਹਾਸਿਲ ਕੀਤੀ।ਬੀਬੀ ਵੀਰਪਾਲ ਕੌਰ (40 ਸਾਲ) ਮੈਟ੍ਰਿਕ ਪਾਸ ਹੈ ਅਤੇ ਮੱਧਵਰਗੀ ਕਿਸਾਨ ਪਰਿਵਾਰ ਨਾਲ ਸਬੰਧਿਤ ਹੈ। ਇਕ ਦਿਨ ਉਸ ਦੀ ਮੁਲਾਕਾਤ ਬਸ 'ਚ ਸਫ਼ਰ ਕਰਦੀ ਇਕ ਕੇਵੀਕੇ, ਬਠਿੰਡਾ ਵਿਖੇ ਸਿਖਲਾਈ ਲੈਣ ਜਾਂਦੀ ਲੜਕੀ ਨਾਲ ਹੋਈ ਜਿਸ ਤੋਂ ਉਸ ਨੂੰ ਗ੍ਰਹਿ ਵਿਗਿਆਨ ਕੋਰਸਾਂ ਬਾਰੇ ਪਤਾ ਲੱਗਿਆ। ਉਸ ਦੀ ਪਿੰਡ ਵਿਚ ਪਹਿਲਾਂ ਹੀ ਛੋਟੀ ਜਿਹੀ ਕਰਿਆਨੇ ਦੀ ਦੁਕਾਨ ਸੀ ਅਤੇ ਉਹ ਆਪਣੀ ਆਮਦਨ ਨੂੰ ਹੋਰ ਵਧਾਉਣਾ ਚਾਹੁੰਦੀ ਸੀ। ਉਸ ਦੀ ਬਸ ਸਵਾਰ ਸਾਥਣ ਨੇ ਉਸ ਦੀ ਇਸ ਸੋਚ ਲਈ ਰਾਹ ਖੋਲ੍ਹ ਦਿੱਤਾ।

ਬੀਬੀ ਵੀਰਪਾਲ ਨੇ ਕੇਵੀਕੇ, ਬਠਿੰਡਾ ਤੋਂ ਇਕ ਹਫ਼ਤੇ ਦੀ ਕਪੜਿਆਂ ਦੀ ਰੰਗਾਈ ਅਤੇ ਬਾਂਧਨੀ ਕਲਾ ਸਬੰਧੀ ਸਿਖਲਾਈ ਲੈਣ ਉਪਰੰਤ, ਉਸੇ ਛੋਟੀ ਜਿਹੀ ਦੁਕਾਨ ਵਿਚ ਦੁੱਪਟੇ, ਪੱਗਾਂ, ਸੂਟ, ਕੁਸ਼ਨ ਕਵਰ ਆਦਿ ਰੰਗਣ ਦਾ ਕਿੱਤਾ ਅਪਨਾ ਲਿਆ। ਬੀਬੀ ਵੀਰਪਾਲ ਨੇ ਸਾਲ 2015 ਵਿਚ ਕੇਵੀਕੇ ਵਿਖੇ ਰੰਗਾਈ ਸਬੰਧੀ ਸਿਖਲਾਈ ਲੈਣ ਆਈਆਂ ਬੀਬੀਆਂ ਨਾਲ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਦੱਸਿਆ ਕਿ ਉਸ ਨੂੰ ਇਕ ਰੰਗਾ ਦੁੱਪਟਾ ਰੰਗਣ ਦੇ 30 ਰੁਪਏ, ਦੋ ਰੰਗੇ ਦੇ ਦੁਗਣੇ ਯਾਨੀ ਕਿ 60 ਰੁਪਏ, ਤਿੰਨ ਰੰਗੇ ਦੁੱਪਟੇ ਦੇ ਡਿਜ਼ਾਇਨ ਮੁਤਾਬਿਕ 90 ਤੋਂ 150 ਰੁਪਏ ਪ੍ਰਤੀ ਦੁੱਪਟਾ ਤਕ ਸਹਿਜੇ ਹੀ ਮਿਲ ਜਾਂਦੇ ਹਨ ਜਦੋਂ ਕਿ ਖ਼ਰਚ ਔਸਤਨ 5 ਰੁਪਏ ਪ੍ਰਤੀ ਦੁੱਪਟਾ ਤੋਂ ਵਧ ਨਹੀਂ ਹੁੰਦਾ ਇਸ ਤਰ੍ਹਾਂ ਇਸ ਕੰਮ ਤੋਂ ਉਸ ਨੂੰ 4000 ਰੁਪਏ ਪ੍ਰਤੀ ਮਹੀਨਾ ਆਮਦਨ ਹੋ ਜਾਂਦੀ ਹੈ। ਕੇਵੀਕੇ, ਵਿਖੇ ਸਿਖਲਾਈ ਕੋਰਸ ਭਾਵੇਂ ਕੋਈ ਵੀ ਹੋਵੇ, ਬੀਬੀਆਂ ਲਈ ਹੋਰ ਆਮਦਨ ਵਧਾਊ ਧੰਦਿਆਂ ਸੰਬੰਧੀ ਸਲਾਹ-ਮਸ਼ਵਰੇ ਹਰ ਸਿਖਲਾਈ ਕੋਰਸ ਦੌਰਾਨ ਦੱਸੇ ਜਾਂਦੇ ਹਨ । ਸੋ ਅਜਿਹੀ ਹੀ ਇਕ ਸਲਾਹ ਉਸ ਲਈ ਹੋਰ ਵੀ ਕਾਰਗਰ ਸਾਬਤ ਹੋਈ, ਉਸ ਨੇ ਅਕਤੂਬਰ, 2014 ਵਿਚ ਆਪਣੀ ਛੋਟੀ ਜਿਹੀ ਦੁਕਾਨ 'ਚ ਹੀ ਵਿਆਹ-ਸ਼ਾਦੀਆਂ ਵਿਚ ਕਿਰਾਏ 'ਤੇ ਦੇਣ ਲਈ 20 ਦੇ ਕਰੀਬ ਰਵਾਇਤੀ ਘਰਾਰੇ-ਦੁੱਪਟੇ ਗੋਟਾ-ਕਿਨਾਰੀ ਆਦਿ ਲਗਾ ਕੇ ਤਿਆਰ ਕੀਤੇ ਅਤੇ ਇਸ ਤੋਂ ਇਲਾਵਾ ਵਿਆਹ ਦੀਆਂ ਰਸਮਾਂ 'ਚ ਲੋੜੀਂਦਾ ਹੋਰ ਸਾਜ਼ੋ-ਸਮਾਨ (ਰਵਾਇਤੀ ਜਾਗੋ, ਲੜੀਆਂ ਆਦਿ) ਵੀ ਕਿਰਾਏ ਤੇ ਦੇਣ ਵਾਸਤੇ ਦੁਕਾਨ 'ਚ ਰੱਖ ਲਏ। ਉਸ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੇ ਸਮਾਨ ਦੀ ਉਹ ਵਿਕਰੀ ਵੀ ਕਰਦੀ ਹੈ ਤੇ ਕਿਰਾਏ ਤੇ ਵੀ ਦਿੰਦੀ ਹੈ ਜਿਸ ਨਾਲ ਵਿਆਹ ਸ਼ਾਦੀਆਂ ਦੇ ਦਿਨਾਂ ਵਿਚ ਉਸ ਨੂੰ ਔਸਤਨ 3000 ਰੁਪਏ ਪ੍ਰਤੀ ਮਹੀਨਾ ਬੱਚਤ ਹੋ ਜਾਂਦੀ ਹੈ।

ਚੰਗੀ ਕਮਾਈ ਹੁੰਦੀ ਦੇਖ ਬੀਬੀ ਵੀਰਪਾਲ ਦੀ ਕੰਮ ਪ੍ਰਤੀ ਰੁਚੀ ਹੋਰ ਵਧੀ ਅਤੇ ਉਸ ਨੇ ਜਨਵਰੀ, 2017 ਵਿਚ ਇਕ ਹਫ਼ਤਾ ਦੀ ਫ਼ਲ ਅਤੇ ਸਬਜ਼ੀਆਂ ਤੋਂ ਆਚਾਰ, ਚਟਣੀ, ਸੁਕਾਇਸ਼, ਮਰਬੇ ਜੈਮ ਅਤੇ ਦੁੱਧ ਤੋਂ ਉਤਪਾਦ ਬਣਾਉਣ ਸਬੰਧੀ ਸਿਖਲਾਈ ਲਈ। ਗਰਮੀਆਂ ਦੇ ਮੌਸਮ ਦੇ ਫ਼ਲ ਤੇ ਸਬਜ਼ੀਆਂ ਦੀ ਪ੍ਰੋਸੈਸਿੰਗ ਲਈ ਜੂਨ, 2017 ਵਿਚ ਫਿਰ ਉਸ ਨੇ ਕੇਵੀਕੇ, ਬਠਿੰਡਾ ਪਹੁੰਚ ਕੇ ਇਕ ਹਫ਼ਤੇ ਦੀ ਸਿਖਲਾਈ ਲਈ। ਇਸ ਤਰ੍ਹਾਂ ਉਹ ਅਚਾਰ, ਚਟਣੀ, ਸੁਕਾਇਸ਼, ਮੁਰੱਬੇ, ਗਜਰੇਲਾ ਆਦਿ ਬਣਾਉਣ ਦੀ ਪੂਰੀ ਮਾਹਿਰ ਹੋ ਗਈ ਅਤੇ ਉਸ ਨੇ ਇੰਨ੍ਹਾਂ ਪ੍ਰੋਡਕਟਸ ਨੂੰ ਵੀ ਆਪਣੀ ਦੁਕਾਨ 'ਤੇ ਵੇਚਣ ਅਤੇ ਚਾਹਵਾਨ ਬੀਬੀਆਂ ਨੂੰ ਆਪਣੇ ਪਿੰਡ ਵਿਚ ਹੀ ਸਿਖਲਾਈ ਦੇਣ ਦਾ ਕੰਮ ਵੀ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਉਸ ਦੀ ਕਮਾਈ ਵਿਚ 3000 ਤੋਂ 4000 ਰੁਪਏ ਪ੍ਰਤੀ ਮਹੀਨਾ ਹੋਰ ਵਾਧਾ ਹੋ ਗਿਆ। ਫਿਰ ਜੁਲਾਈ 2017 ਵਿਚ ਉਸ ਨੇ ਫੈਬਰਿਕ ਪੇਂਟਿਗ ਸਬੰਧੀ ਦਸ ਦਿਨਾਂ ਸਿਖਲਾਈ ਕੋਰਸ ਵਿਚ ਭਾਗ ਲਿਆ। ਹੁਣ ਜਦੋਂ ਉਸ ਨੂੰ ਆਪਣੇ ਕੰਮ ਤੋਂ ਥੋੜ੍ਹੀ ਵੀ ਫ਼ੁਰਸਤ ਮਿਲਦੀ ਹੈ ਤਾਂ ਉਹ ਪੇਂਟਿਗ, ਬਲਾਕ ਪੇਂਟਿਗ ਆਦਿ ਵੀ ਕਰਦੀ ਹੈ। ਉਸ ਦਾ ਕਹਿਣਾ ਹੈ ਕਿ ਹੁਣ ਉਸ ਕੋਲ ਪੇਂਟਿਗ ਦਾ ਕੰਮ ਵੀ ਆਉਣਾ ਸ਼ੁਰੂ ਹੋ ਗਿਆ ਹੈ। ਇਸ ਤੋਂ ਇਲਾਵਾ ਹੁਣ ਉਸ ਨੇ ਰੈਡੀਮੈਡ ਕੱਪੜੇ, ਦੁੱਪਟੇ, ਆਦਿ ਵੀ ਦੁਕਾਨ 'ਤੇ ਰੱਖ ਲਏ ਅਤੇ ਇੰਨ੍ਹਾਂ ਦੀ ਵੀ ਵਧੀਆ ਸੇਲ ਹੋ ਜਾਂਦੀ ਹੈ। ਉਸ ਦਾ ਕਹਿਣਾ ਹੈ ਕਿ ਪਹਿਲਾਂ ਜਦੋਂ ਗਾਹਕ ਦੁਕਾਨ 'ਤੇ ਨਹੀਂ ਸੀ ਹੁੰਦਾ ਤਾਂ ਉਸ ਨੂੰ ਖਾਲੀ ਬਹਿਣਾ ਪੈਂਦਾ ਸੀ ਪਰ ਕੇਵੀਕੇ ਬਠਿੰਡਾ ਨਾਲ ਜੁੜ ਕੇ ਉਹ ਆਪਣੀ ਮਨੋਇੱਛਾ ਅਨੁਸਾਰ ਸਦਾ ਕੰਮ 'ਚ ਰੁਝੀ ਰਹਿੰਦੀ ਹੈ ਅਤੇ ਇਸ ਤਰ੍ਹਾਂ ਕੁਲ ਮਿਲਾ ਕੇ ਉਹ 12,000 ਰੁਪਏ ਪ੍ਰਤੀ ਮਹੀਨਾ ਕਮਾ ਲੈਂਦੀ ਹੈ। ਉਹ ਆਪਣੀ ਇਸ ਸਫ਼ਲਤਾ ਤੋਂ ਬਹੁਤ ਸੰਤੁਸ਼ਟ ਹੈ ਅਤੇ ਇਸ ਦਾ ਸਿਹਰਾ ਕੇਵੀਕੇ ਬਠਿੰਡਾ ਨੂੰ ਦਿੰਦੀ ਹੈ।

ਸੋ ਅੰਤ ਵਿਚ ਬੀਬੀਆਂ ਨੂੰ ਇਹੀ ਸਲਾਹ ਦਿੱਤੀ ਜਾਂਦੀ ਹੈ ਕਿ ਜੇਕਰ ਉਹ ਵੀ ਵੀਰਪਾਲ ਦੀ ਤਰ੍ਹਾਂ ਆਪਣੀ ਘਰੇਲੂ ਆਮਦਨ ਵਿਚ ਵਾਧਾ ਕਰਨ ਬਾਰੇ ਸੋਚ ਰਹੀਆਂ ਹਨ ਤਾਂ ਉਹ ਆਪਣੇ ਜਾਂ ਆਪਣੇ ਨੇੜੇ ਲੱਗਦੇ ਜ਼ਿਲ੍ਹੇ ਦੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਨਾਲ ਸੰਪਰਕ ਕਰ ਕੇ ਕਿੱਤਾ ਮੁੱਖੀ ਸਿਖਲਾਈ ਲੈਣ ਲਈ ਆਪਣਾ ਨਾਂ ਦਰਜ ਕਰਾ ਸਕਦੀਆਂ ਹਨ। ਪੰਜਾਬ ਦੇ ਹਰ ਜ਼ਿਲ੍ਹੇ ਵਿਚ ਕ੍ਰਿਸ਼ੀ ਵਿਗਿਆਨ ਕੰਮ ਕਰ ਰਿਹਾ ਹੈ। ਇਹ ਸੰਸਥਾ ਵੱਲੋਂ ਸਿਖਲਾਈ ਮੁਫ਼ਤ ਦਿੱਤੀ ਜਾਂਦੀ ਹੈ। •

ਮੋਬਾਈਲ : 98152-54371

ਬੀਬੀ ਵੀਰਪਾਲ ਕੌਰ ਅਚਾਰ, ਚਟਨੀ ਆਦਿ ਬਣਾਉਣ ਸਬੰਧੀ ਸਿਖਲਾਈ ਦਿੰਦੀ ਹੋਈ।



ਸਿਖਲਾਈ ਪਿੱਛੋਂ ਵੀਰਪਾਲ ਕੌਰ ਅਚਾਰ, ਚਟਨੀ, ਸੁਕਾਇਸ਼, ਮੁਰੱਬੇ, ਗਜਰੇਲਾ ਆਦਿ ਬਣਾਉਣ ਦੀ ਪੂਰੀ ਮਾਹਿਰ ਹੋ ਗਈ ਤੇ ਉਸ ਨੇ ਇੰਨ੍ਹਾਂ ਚੀਜ਼ਾਂ ਨੂੰ ਆਪਣੀ ਦੁਕਾਨ 'ਤੇ ਵੇਚਣ ਦੇ ਨਾਲ ਪਿੰਡ ਦੀਆਂ ਬੀਬੀਆਂ ਨੂੰ ਸਿਖਲਾਈ ਦੇਣ ਦਾ ਕੰਮ ਵੀ ਸ਼ੁਰੂ ਕਰ ਦਿੱਤਾ...



ਪੰਜਾਬ ਐਗਰੋ ਦੁਆਰਾ ਪੰਜਾਬ 'ਚ ਦੋ ਸੈਂਟਰ ਬਲਾਏ ਗਏ ਹਨ ਜਿੱਥੋ ਬਿਨਾਂ ਕਿਸੇ ਰੋਕ-ਟੋਕ ਨਿਰਯਾਤ ਲਈ ਪੈਕਿੰਗ ਹੁੰਦੀ ਹੈ। ਇਸ ਤੋਂ ਇਲਾਵਾ ਕਿੰਨੂ ਨੂੰ ਲੰਮਾਂ ਸਮਾਂ ਬਿਮਾਰੀ ਰਹਿਤ ਰੱਖਣ ਲਈ ਓੱਲੀਨਾਸ਼ਕ ਮੋਮ, ਬਾਹਰੀ ਪਰਤ ਲਈ ਕਿੰਨੂ ਉਤਪਾਦਕਾਂ ਨੂੰ ਦਿੱਤੀ ਜਾਂਦੀ ਹੈ। ਕਿੰਨੂ ਨੂੰ ਦੂਰ-ਦੁਰਾਡੇ ਦੀਆਂ ਮੰਡੀਆਂ 'ਚ ਵੇਚਣ ਲਈ ਵਿਭਾਗ ਵੱਲੋਂ ਆਵਾਜਾਈ ਦੇ ਖ਼ਰਚਿਆਂ 'ਤੇ 50% ਤੇ ਡੱਬਾਬੰਦੀ ਲਈ 35 % ਦਾ ਫ਼ਰਰਾ ਵੀ ਕਿਸਾਨਾਂ ਨੂੰ ਦਿੱਤਾ ਜਾਂਦਾ ਹੈ...

ਕਿੰਨੂ ਦੇ ਮੁਨਾਫ਼ੇ ਲਈ ਮੰਡੀਕਰਨ ਤੇ ਨਿਰਯਾਤ ਦੇ ਅਹਿਮ ਨੁਕਤੇ

• ਗੁਰਜਿੰਦਰ ਸਿੰਘ ਰੋਮਾਣਾ ਅਤੇ ਰਾਜ ਕੁਮਾਰ

ਪੰਜਾਬ ਵਿਚ ਬਾਗ਼ਾਂ ਲਈ ਇਕ ਢੁੱਕਵਾਂ ਅਤੇ ਅੱਵਲ ਪੌਣ-ਪਾਣੀ ਹੈ। ਸੂਬੇ ਵਿਚ ਵੱਖ-ਵੱਖ ਫ਼ਲਦਾਰ ਫ਼ਸਲਾਂ ਵਿੱਚੋਂ ਰਕਬੇ ਅਤੇ ਪੈਦਾਵਾਰ ਦੇ ਆਧਾਰ ਤੇ ਕਿੰਨੂ ਫ਼ਲਾਂ ਦਾ ਬਾਦਸ਼ਾਹ ਹੈ। ਸਾਲ 2016-17 ਵਿਚ ਪੰਜਾਬ ਵਿਚ ਕਿੰਨੂ ਹੇਠ ਰਕਬਾ 51062 ਹੈਕਟੇਅਰ ਸੀ ਜੋ ਕਿ ਰਾਜ ਦੇ ਕੁੱਲ ਫ਼ਲਾਂ ਅਧੀਨ ਰਕਬੇ ਦਾ 62.25 ਪ੍ਰਤੀਸ਼ਤ ਹੈ। ਇਸੇ ਪ੍ਰਕਾਰ ਇਸ ਦੀ ਪੈਦਾਵਾਰ 11.8 ਲੱਖ ਟਨ ਸੀ ਜੋ ਕਿ ਰਾਜ ਵਿਚ ਕੁੱਲ ਫ਼ਲਾਂ ਦੀ ਪੈਦਾਵਾਰ ਦਾ 67.91 ਪ੍ਰਤੀਸ਼ਤ ਬਣਦੀ ਹੈ। ਬਾਗ਼ਬਾਨੀ ਫ਼ਸਲਾਂ ਵਿਚ ਤੁੜਾਈ ਉਪਰੰਤ ਅਤੇ ਸਾਂਭ-ਸੰਭਾਲ ਦੌਰਾਨ ਵੱਡੇ ਪੱਧਰ 'ਤੇ ਨੁਕਸਾਨ ਹੋ ਰਿਹਾ ਹੈ। ਕਿੰਨੂ ਵੀ ਬ੍ਰੂਟੇ ਨਾਲੋਂ ਤੋੜਨ ਤੋਂ ਬਾਅਦ ਜ਼ਿਆਦਾ ਸਮਾਂ ਰੱਖਿਆ ਨਹੀਂ ਜਾ ਸਕਦਾ। ਜੇ ਜਲਦੀ ਖਪਤ ਨਾ ਕੀਤੀ ਜਾ ਸਕੇ ਤਾਂ ਇਸ ਦੀ ਕੀਮਤ ਘੱਟਣੀ ਸ਼ੁਰੂ ਹੋ ਜਾਂਦੀ ਹੈ ਜੋ ਕਿ ਇਸ ਦੀਆਂ ਪੈਦਾਵਾਰ ਲਾਗਤਾਂ ਵਧਣ ਦਾ ਕਾਰਨ ਬਣਦੀ ਹੈ। ਭਾਰਤ ਵਿਚ ਫ਼ਲਾਂ ਅਤੇ ਸਬਜ਼ੀਆਂ ਦਾ ਮੰਡੀਕਰਨ ਆਪ ਮੁਹਾਰਾ ਅਤੇ ਵਿਚੋਲੇ ਜ਼ਿਆਦਾ ਹੋਣ ਕਰਕੇ ਪੂਰਾ ਕਾਰਗਰ ਨਹੀਂ ਹੈ, ਜਿਸ ਕਾਰਨ ਖਪਤਕਾਰ ਦੀਆਂ ਕੀਮਤਾਂ ਜ਼ਿਆਦਾਤਰ ਵਧਦੀਆਂ-ਘੱਟਦੀਆਂ ਰਹਿੰਦੀਆਂ ਹਨ। ਇਨ੍ਹਾਂ ਕਾਰਨਾਂ ਨਾਲ ਖੱਪਤਕਾਰ ਦੀਆਂ ਕੀਮਤਾਂ ਵਿਚ ਫ਼ਲ ਉਤਪਾਦਕਾਂ ਦਾ ਹਿੱਸਾ ਕਾਫੀ ਘੱਟ ਜਾਂਦਾ ਹੈ। ਵੇਖਣ ਵਿਚ ਇਹੀ ਆਇਆ ਹੈ ਕਿ ਭਾਰਤੀ ਕਿਸਾਨ ਚੰਗੇ ਉਤਪਾਦਕ ਤਾਂ ਹਨ ਪਰ ਵਧੀਆ ਵਿਕਰੇਤਾ ਨਹੀਂ।

ਕਿੰਨੂ ਦਾ ਮੰਡੀਕਰਨ ਕਾਫੀ ਗੁੰਝਲਦਾਰ ਸਮੱਸਿਆ ਹੈ ਜਿਸ ਦਾ ਮੁੱਖ ਕਾਰਨ ਇਹ ਹੈ ਕਿ ਇਸ ਨੂੰ ਜ਼ਿਆਦਾ ਦੇਰ ਤਕ ਸਟੋਰ ਨਹੀਂ ਕੀਤਾ ਜਾ ਸਕਦਾ ਅਤੇ ਇਕ ਦਮ ਬਹੁਤ ਜ਼ਿਆਦਾ ਮਾਤਰਾ ਵਿਚ ਹੋਈ, ਪੈਦਾਵਾਰ ਨੂੰ ਥੋੜ੍ਹੇ ਜਿਹੇ ਸਮੇਂ ਵਿਚ ਹੀ ਵੇਚਣਾ ਪੈਂਦਾ ਹੈ। ਆਮ ਤੌਰ 'ਤੇ ਕਿੰਨੂ ਉਤਪਾਦਕ ਇਸ ਦਾ ਜ਼ਿਆਦਾ ਮੰਡੀਕਰਨ ਠੇਕੇ ਉੱਪਰ ਦੇ ਕੇ ਹੀ ਕਰਦੇ ਹਨ ਅਤੇ ਅੱਧੀ-ਪਚੱਧੀ ਰਕਮ ਸੁਰੱਖਿਆ ਦੇ ਤੌਰ ਤੇ ਪਹਿਲਾਂ ਵੀ ਲੈ ਲੈਂਦੇ ਹਨ। ਬਹੁਤ ਥੋੜ੍ਹੇ ਹਨ ਜੋ ਮੰਡੀ ਵਿਚ ਜਾ ਕੇ ਆਪਣੀ ਪੈਦਾਵਾਰ ਆਪ ਵੇਚਦੇ ਹਨ। ਇਸੇ ਕਰਕੇ ਕਿਸਾਨਾਂ ਦੇ ਹਿੱਸੇ ਆਉਣ ਵਾਲਾ ਮੁਨਾਫ਼ਾ ਘੱਟ ਹੁੰਦਾ ਹੈ। ਇਸ ਤੋਂ ਇਲਾਵਾ ਕਿੰਨੂ ਦੀ ਗੁਣਵੱਤਾ ਨੂੰ ਵਧਾਉਣ ਜਾਂ ਬਰਕਰਾਰ ਰੱਖਣ ਲਈ ਖੇਤ ਪੱਧਰ 'ਤੇ ਸਾਧਨਾਂ ਅਤੇ ਚੇਤਨਾ ਦੀ ਘਾਟ ਕਾਰਨ ਵੀ ਇਹ ਫ਼ਲ ਮੰਡੀ ਵਿਚ ਚੰਗਾ ਮੁੱਲ ਲੈਣ ਦੇ ਸਮਰੱਥ ਨਹੀਂ ਹੁੰਦਾ।

ਕਿਸਾਨ ਆਪਣੇ ਖੇਤਾਂ ਵਿਚ ਕਿੰਨੂ ਦੀ ਬਾਹਰੀ ਦਿੱਖ ਅਤੇ ਗੁਣਵੱਤਾ ਵਧਾਉਣ ਲਈ ਉਪਰਾਲੇ ਕਰਨ ਅਤੇ ਆਪਣੇ ਫ਼ਲ ਆਪ ਘਰੇਲੂ ਜਾਂ ਦੂਰ ਦੁਰਾਡੇ ਦੀਆਂ ਮੰਡੀਆਂ ਵਿਚ ਵੇਚਣ ਤਾਂ ਉਹ ਆਪਣੇ ਮੌਜੂਦਾ ਮੁਨਾਫ਼ੇ ਨੂੰ ਬਹੁਤ ਜ਼ਿਆਦਾ ਵਧਾ ਸਕਦੇ ਹਨ। ਇਸ ਤੋਂ ਇਲਾਵਾ ਕਿੰਨੂ ਦੇ ਨਿਰਯਾਤ ਕਰਨ ਨਾਲ ਵੀ ਕਿਸਾਨ ਆਪਣੀ ਆਮਦਨ ਵਧਾ ਸਕਦਾ ਹੈ ਅਤੇ ਇਹ ਖੇਤੀ ਵਿਭਿੰਨਤਾ ਲਈ ਇਕ ਹਲੂਣੇ ਦਾ ਕੰਮ ਹੋਵੇਗਾ। ਕਿੰਨੂ ਫ਼ਲ ਦੇ ਪੱਕਣ ਤੋਂ ਬਾਅਦ ਖੇਤ ਪੱਧਰ 'ਤੇ ਫ਼ਲ ਦੀ ਦਿੱਖ ਅਤੇ ਗੁਣਵੱਤਾ ਵਧਾਉਣ ਲਈ ਹੇਠਾਂ ਕਈ ਨਵੀਆਂ ਅਤੇ ਪ੍ਰਚੱਲਤ ਵਿਧੀਆਂ ਦਿੱਤੀਆਂ ਗਈਆਂ ਹਨ ਜਿਨ੍ਹਾਂ ਨੂੰ ਅਪਣਾਅ ਕੇ ਕਿਸਾਨ ਕਿੰਨੂ ਦੇ ਵਿਕਰੀ ਮੁੱਲ ਵਿਚ ਵਾਧਾ ਕਰ ਸਕਦੇ ਹਨ।

ਨਰਮ ਤੁੜਾਈ

ਕਿੰਨੂ ਦੀ ਤੁੜਾਈ ਦੇ ਦੋ ਤਰੀਕੇ ਹਨ। ਪਹਿਲਾ ਤਾਂ ਆਮ ਕੈਂਚੀ (ਕਟਰ) ਨਾਲ ਡੰਡੀ ਸਮੇਤ ਕਿੰਨੂ ਤੋੜ ਕੇ ਧਰਤੀ ਉੱਪਰ ਸੁੱਟ ਦੇਣਾ ਅਤੇ ਦੂਜਾ ਉਚੇਚੇ ਤੌਰ ਤੇ ਬਣੀ ਵਿਸ਼ੇਸ਼ ਕੈਂਚੀ (ਕਲਿਪਰ) ਨਾਲ ਡੰਡੀ ਰਹਿਤ ਕਿੰਨੂ ਤੋੜਨ ਤੋਂ ਬਾਅਦ ਉਸ ਨੂੰ ਉਚੇਚੇ ਤੌਰ 'ਤੇ ਬਣੇ ਬੈਗ ਵਿਚ ਪਾਉਣਾ ਜੋ ਕਿ ਫ਼ਲ ਤੋੜਨ ਵਾਲੇ ਦੇ ਗਲ੍ਹ ਜਾਂ ਮੋਢੇ ਉੱਪਰ ਲਟਕ ਰਿਹਾ ਹੁੰਦਾ ਹੈ। ਦੂਜੇ ਤਰੀਕੇ ਨਾਲ ਤੋੜੇ ਗਏ ਫ਼ਲ ਵਿਚ ਤੁੜਾਈ ਦੌਰਾਨ ਜ਼ਖ਼ਮ, ਡੰਡੀਆਂ ਨਾਲ ਹੋਣ ਵਾਲੀਆਂ ਮੋਰੀਆਂ ਅਤੇ ਧਰਤੀ ਉੱਪਰ ਡਿੱਗਣ ਕਰਕੇ ਹੋਣ ਵਾਲਾ ਨੁਕਸਾਨ ਬਹੁਤ ਘੱਟ ਹੁੰਦਾ ਹੈ। ਇਸ ਤਰੀਕੇ ਨਾਲ ਤੋੜੇ ਕਿੰਨੂ ਦੀ ਚਮੜੀ ਜ਼ਿਆਦਾ ਲੰਮਾ ਸਮਾਂ ਨਰਮ ਨਹੀਂ ਪੈਂਦੀ। ਕਲਿੱਪਰ ਨਾਲ ਤੋੜੇ ਗਏ ਫ਼ਲ ਨੂੰ ਪਹਿਲਾਂ ਹੱਥੀਂ ਗਰੇਡ ਕੀਤਾ ਜਾਂਦਾ ਹੈ ਅਤੇ ਬਾਅਦ ਵਿਚ ਵਿਸ਼ੇਸ਼ ਤੌਰ ਤੇ ਬਣੇ ਕਿੰਨੂ ਗਰੇਡਰ ਵਿਚ ਬੁਰਸ਼ ਨਾਲ ਸਾਫ਼ ਕੀਤਾ ਜਾਂਦਾ ਹੈ ਮਤਲਬ ਪਾਣੀ ਨਾਲ ਧੋਤਾ ਜਾਂਦਾ ਹੈ, ਪੋਲੇ ਬੁਰਸ਼ ਨਾਲ ਸੁਕਾਇਆ ਜਾਂਦਾ ਹੈ, ਕਿੰਨੂ ਉੱਪਰ ਮੋਮ ਚੜ੍ਹਾਈ ਜਾਂਦੀ ਹੈ, ਗਰਮ ਹਵਾ ਨਾਲ ਇਸ ਮੋਮ ਨੂੰ ਸੁਕਾਇਆ ਜਾਂਦਾ ਹੈ ਅਤੇ ਅੰਤ ਵਿਚ 4 ਤੋਂ 6 ਤਰ੍ਹਾਂ ਦੇ ਵੱਖ-ਵੱਖ ਅਕਾਰਾਂ ਵਿਚ ਗਰੇਡ ਕੀਤਾ ਜਾਂਦਾ ਹੈ। ਇਹ ਕਿੰਨੂ ਗਰੇਡਰ ਮੰਡੀ ਵਿਚ ਵੱਖ-ਵੱਖ ਅ

ਅਨੁਸੂਚਿਤ ਜਨਜਾਤੀ ਕਬੀਲੇ ਮਿਸ਼ਨ ਪੰਜਾਬ ਵੱਲੋਂ ਨਾਭਾ ਵਿਖੇ ਕਰਵਾਇਆ ਗਿਆ ਸੈਮੀਨਾਰ

ਪਟਿਆਲਾ, 21 ਨਵੰਬਰ
ਅਮਰਜੀਤ ਸਿੰਘ
-ਸ਼ਹੀਦ-ਏ-ਆਜ਼ਮ-ਬਿਊਰੋ-



ਪਿਛਲੇ ਲੰਬੇ ਸਮੇਂ ਤੋਂ ਕੇਂਦਰਾਂ ਤੇ ਸਟੇਟ ਸਰਕਾਰਾਂ ਤੋਂ ਪੰਜਾਬ ਬਾਜੀਗਰ ਬੇਮੁਖਤ ਕਬੀਲਿਆਂ ਅਤੇ ਵੀ ਮੁਕਤ ਜਾਤੀਆਂ ਵੱਲੋਂ ਹੋਰਾਂ ਸਟੇਟਾਂ ਦੀ ਤਰਜ ਤੇ ਪੰਜਾਬ ਅੰਦਰ ਵੀ ਸ਼ੈਡਿਊਲ ਟਰਾਈਬਜ ਘੋਸ਼ਿਤ ਕਰਨ ਦੀ ਮੰਗ ਚੱਲੀ ਆ ਰਹੀ ਹੈ ਜਿਸ ਨੂੰ ਸਮੇਂ ਦੀਆਂ ਸਰਕਾਰਾਂ ਅਣਗੌਲਿਆ ਕਰ ਦਿੰਦੀਆਂ ਹਨ ਅਤੇ ਜਦੋਂ ਚੋਣਾਂ ਦਾ ਸਮਾਂ ਨੇੜੇ ਆਉਂਦਾ ਹੈ ਉਦੋਂ ਆਪਣੇ ਚੋਣ ਮੈਨੀਫੈਸਟੋ ਵਿੱਚ ਇਸ ਮੰਗ ਨੂੰ ਪਹਿਲ ਦੇ ਅਧਾਰ ਤੇ ਪੂਰਾ ਕਰਨ ਲਈ ਵੱਡੇ ਵੱਡੇ ਵਾਅਦੇ ਤਾਂ ਕਰ ਲੈਂਦੀਆਂ ਹਨ ਪਰ ਜਦੋਂ ਸਰਕਾਰ ਬਣ ਜਾਂਦੀ ਹੈ ਇਹਨਾਂ ਵਾਅਦਿਆਂ ਤੇ ਖਰਾ ਨਹੀਂ ਉਤਰਦੀਆਂ ਜਿਸ ਕਰਕੇ ਹੁਣ ਸੂਬੇ ਅੰਦਰ ਅਨੁਸੂਚਿਤ ਜਨਜਾਤੀ ਕਬੀਲੇ ਮਿਸ਼ਨ ਪੰਜਾਬ ਵੱਲੋਂ ਸੈਮੀਨਾਰ ਅਤੇ ਰੈਲੀਆਂ ਕਰਵਾਈਆਂ ਜਾ ਰਹੀਆਂ ਹਨ ਜਿਸ ਨਾਲ ਸਮੁੱਚੇ ਬਾਜੀਗਰ ਭਾਈਚਾਰਾ ਅਤੇ ਹੋਰ ਬਿਰਾਦਰੀ ਨੂੰ ਨਾਲ ਲੈ ਕੇ ਮੋਦੀਆਂ ਸਰਕਾਰਾਂ ਤੋਂ ਇਸ ਲਟਕਾ ਦੀ ਮੰਗ ਨੂੰ ਪੂਰਾ ਕਰਾਉਣ ਲਈ ਅਗਲਾ ਸੰਘਰਸ਼ ਸ਼ੁਰੂ ਕਰ ਚਿੱਤਾ ਹੈ ਜਿਸ ਤਹਿਤ ਨਾਭਾ ਵਿਖੇ ਸਮੁੱਚੇ ਬਾਜੀਗਰ ਭਾਈਚਾਰੇ ਅਤੇ ਹੋਰ ਕਾਸਟਾ ਵੱਲੋਂ ਵਿਸ਼ੇਸ਼ ਸੈਮੀਨਾਰ ਆਯੋਜਿਤ ਕੀਤਾ ਗਿਆ ਜਿੱਥੇ ਆਏ ਸਮੁੱਚੇ ਬੁਲਾਰਿਆਂ ਨੂੰ ਪ੍ਰਧਾਨ ਸਾਬਕਾ ਡੀਐਸਪੀ ਅਮਰਜੀਤ ਸਿੰਘ ਲਾਲਕਾ ਵੱਲੋਂ ਜੀ ਆਇਆ ਕਿਹਾ ਗਿਆ ਉੱਥੇ ਹੀ ਸੈਮੀਨਾਰ ਨੂੰ ਸੰਬੋਧਨ ਕਰਨ ਸਮੇਂ ਵੱਖ ਵੱਖ ਬੁਲਾਰਿਆਂ ਚੇਅਰਮੈਨ ਦਵਿੰਦਰ ਦਿਆਲ, ਉਜਾਗਰ ਸਿੰਘ ਸਨੌਰ, ਅਸ਼ੋਕ ਕੁਮਾਰ ਵਰੜਤੀਆ ਹਰਿਆਣਾ, ਸਤਪਾਲ ਹਰਿਆਣਾ, ਕੈਪਟਨ ਤਨਵੀਰ ਸਿੰਘ ਸਮਰਾਲਾ ,ਜਗਰੂਪ ਸਿੰਘ ਮੂਲੇਪੁਰ ,ਸ਼ਿਵਚਰਨ ਆਈ ਟੀ ਆਈ, ਬਿਲਾ ,ਅਮਰੀਕ ਸਿੰਘ ਮਾਸਟਰ ਸਤਪਾਲ ਬਨੂੜ ਨੇ ਕਿਹਾ ਕੀ ਪੰਜਾਬ ਬਾਜੀਗਰ ਵਿਮੁਕਤ ਕਬੀਲਿਆਂ ਵਿਮੁਕਤ ਜਾਤੀਆਂ ਨੂੰ ਅਨੁਸੂਚੀ ਜਾਤੀਆਂ ਸ਼ਡਿਊਲ ਡਰਾਈਵ ਕਾਸਟ ਵਿਜੋ ਕੱਢ ਕੇ ਆ ਰਹੀਆ ਵਿਧਾਨ ਸਭਾ ਚੋਣਾਂ ਦੇ ਤਿਆਰ ਹੋਣ ਵਾਲੇ ਚੋਣ ਮੈਨੀਫੈਸਟੋ ਵਿੱਚ ਸ਼ਡਿਊਲ ਟਰਾਈਪ ਘੋਸ਼ਿਤ ਕੀਤਾ ਜਾਵੇ ਅਤੇ ਰੇਨੂਕਾ ਕਮਿਸ਼ਨ ਅਤੇ ਇਦਾਤੇ ਸਿੰਘ ਕਮਿਸ਼ਨ ਦੀਆਂ ਸਿਫਾਰਸਾਂ ਲਾਗੂ ਕਰਕੇ ਇਹਨਾਂ ਵਿਮੁਕਤ ਕਬੀਲਿਆਂ ਨੂੰ ਲਾਭ ਦਿੱਤਾ ਜਾਵੇ ਤੇ ਉਹ ਕੀ ਇਹ ਕਬੀਲੇ ਲੰਬੇ ਸਮੇਂ ਤੋਂ ਸੂਬੇ ਅੰਦਰ ਸ਼ਡਿਊਲ ਟਰਾਈਬਸਜ ਜੇ ਲਾਗੂ ਕਰਨ ਦੀ ਮੰਗ ਕਰਦੇ ਆ ਰਹੇ ਹਨ ਉਹਨਾਂ ਕਿਹਾ ਕਿ ਵੱਖਰਾ ਡੀਐਨਟੀ ਸਟੇਟ ਕਮਿਸ਼ਨ ਬਣਾਇਆ ਜਾਵੇ ਜਿਸ ਦੇ ਵੱਖਰਾ ਭਲਾਈ ਅਤੇ ਵਿਕਾਸ ਬੋਰਡ ਗਠਤ ਕਰਕੇ ਸਮੁੱਚੇ ਭਾਈਚਾਰੇ ਨੂੰ ਰਾਹਤ ਪ੍ਰਦਾਨ ਕੀਤੀ ਜਾ ਸਕੇ ਉਹਨਾਂ ਕਿਹਾ ਕਿ ਇਹਨਾਂ ਸਮੁੱਚੇ ਭਾਈਚਾਰੇ ਬੱਚਿਆਂ ਨੂੰ ਪੜ੍ਹਾਈ ਅਤੇ ਪੋਸਟ ਗ੍ਰੈਜੂਏਟ ਤੱਕ ਦੀ ਪੜ੍ਹਾਈ ਮੁਫਤ ਕੀਤੀ ਜਾਵੇ ਅਤੇ ਆਈ ਐਸ ,ਆਈ,ਪੀਐਸ ਪੀਸੀਐਸ ਅਤੇ ਜੁਡੀਸ਼ਲ ਲਈ ਸਪੈਸ਼ਲ ਟ੍ਰੇਨਿੰਗ ਦਾ ਪ੍ਰਬੰਧ ਕੀਤਾ ਜਾਵੇ ਤਾਂ ਜੋ ਪਛੜੇ ਕਬੀਲੇ ਦੇ ਪਰਿਵਾਰਾਂ ਦੇ ਬੱਚੇ ਵੀ ਉਚ ਪੋਸਟਾਂ ਤੇ ਬਿਰਾਜਮਾਨ ਹੋ ਸਕਣ ਉਹਨਾਂ ਕਿਹਾ ਕਿ ਵਿਮੁਕਤ ਕਬੀਲਿਆਂ ਲਈ ਵਿਸ਼ੇਸ਼ ਆਵਾਜ਼ ਯੋਜਨਾ ਲਾਗੂ ਕੀਤੀ ਜਾਵੇ ਤਾਂ ਜੋ ਇਹਨਾਂ ਜਾਤੀਆਂ ਵਿੱਚ ਗਰੀਬ ਵਿਅਕਤੀਆਂ ਨੂੰ ਰਹਿਣ ਵਾਸਤੇ ਛੱਤ ਮਿਲ ਸਕੇ ਉਹਨਾਂ ਕਿਹਾ ਕਿ ਪੰਜਾਬ ਅਤੇ ਭਾਰਤ ਸਰਕਾਰ ਵਿੱਚ ਆਰਥਿਕ ਤੌਰ ਤੇ ਉੱਤੇ ਆਤਮ ਨਿਰਭਰ ਬਣਾਇਆ ਜਾਵੇ ਤਾਂ ਜੋ ਇਸਦਾ ਲਾਭ ਪੂਰੇ ਦੇਸ਼ ਦੀਆਂ ਸਟੇਟਾਂ ਵਿੱਚ ਰਹਿੰਦੇ ਇਹਨਾਂ ਕਬੀਲਿਆਂ ਨੂੰ ਮਿਲ ਸਕੇ ਉਹਨਾਂ ਕਿਹਾ ਕਿ ਪੰਜਾਬ ਤੇ ਹਰਿਆਣਾ ਸਟੇਟ ਹੀ ਹੈ ਜਿੱਥੇ ਇਹਨਾਂ ਕਬੀਲਿਆਂ ਨੂੰ ਕੋਈ ਲਾਭ ਨਹੀਂ ਮਿਲ ਰਿਹਾ ਬਾਕੀ ਦੇਸ਼ ਦੀਆਂ ਸਮੁੱਚੇ ਸਟੇਟਾਂ ਅੰਦਰ ਸ਼ਡਿਊਲ ਟਰਾਈਵਜ ਦਾ ਲਾਭ ਮਿਲਦਾ ਉਹਨਾ ਕਿਹਾ ਕਿ ਇਸ ਮਾਮਲੇ ਨੂੰ ਲੈ ਕੇ ਪਹਿਲਾਂ ਵੀ ਪੰਜਾਬ ਵਿੱਚੋਂ ਕਈ ਮੈਂਬਰ ਪਾਰਲੀਮੈਂਟ ਅਤੇ ਰਾਜ ਸਭਾ ਮੈਂਬਰ ਸਮੁੱਚੀ ਜਨ ਜਾਤੀਆਂ ਦਾ ਮੁੱਦਾ ਉਠਾ ਚੁੱਕੇ ਹਨ ਜਿੱਥੇ ਕੇਂਦਰ ਸਰਕਾਰ ਨੇ ਸਟੇਟ ਸਰਕਾਰਾਂ ਨੂੰ ਮਤੇ ਪਾ ਕੇ ਭੇਜਣ ਲਈ ਕਿਹਾ ਤੇ ਕਿਹਾ ਸੀ ਪਰ ਫਿਰ ਵੀ ਇਹ ਮਾਮਲਾ ਜਿਉਂਦਾ ਤਿਉਂ ਹੀ ਬਣਿਆ ਹੋਇਆ ਹੈ ਜਿਸ ਵੱਲ ਸਮੇਂ ਦੀਆਂ ਸਰਕਾਰਾਂ ਦੀ ਕੋਈ ਨਿਗਾ ਨਹੀਂ ਜਾਂਦੀ ਉਹਨਾਂ ਕਿਹਾ ਕਿ ਇਸ ਮਾਮਲੇ ਨੂੰ ਲੈ ਕੇ ਸਮੁੱਚੇ ਭਾਈਚਾਰਾ ਅਤੇ ਹੋਰ ਕਬੀਲੇ ਵੀ ਸਰਕਾਰਾਂ ਖਿਲਾਫ ਸੰਘਰਸ਼ ਕਰਨ ਲਈ ਤਿਆਰ ਬਰ ਤਿਆਰ ਖੜੇ ਹਨ ਸੈਮੀਨਾਰ ਵਿੱਚ ਬੁਲਾਰਿਆਂ ਨੇ ਕਿਹਾ ਕਿ ਸਮੇਂ ਦਾ ਫਾਇਦਾ ਉਠਾਉਣ ਲਈ ਵੱਖੋ ਪਾਰਟੀਆਂ ਲੋਕਾਂ ਨਾਲ ਝੂਠੇ ਵਾਅਦੇ ਕਰਕੇ ਵੋਟਾਂ ਤੋਂ ਪਹਿਲਾਂ ਲਾਭ ਲੈ ਜਾਂਦੀਆਂ ਹਨ ਅਤੇ ਜੂਹੀ ਚੋਣਾਂ ਲੰਘ ਜਾਂਦੀਆਂ ਨ ਤਾਂ ਉਹ ਚੋਣ ਮੈਨੀਫੈਸਟੋ ਵਿੱਚ ਕੀਤੇ ਵਾਅਦਿਆਂ ਨੂੰ ਵੀ ਭੁੱਲ ਜਾਂਦੀਆਂ ਹਨ ਜਿਨਾਂ ਨੂੰ ਹੁਣ ਯਾਦ ਕਰਾਉਣ ਲਈ ਚੋਣਾਂ ਤੋਂ ਪਹਿਲਾਂ ਸਮੁੱਚੇ ਭਾਈਚਾਰਿਆਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ ਇਸ ਮੌਕੇ ਸੈਮੀਨਾਰ ਵੱਖ ਵੱਖ ਸ਼ਖਸੀਅਤਾਂ ਦਾ ਸਨਮਾਨ ਵੀ ਕੀਤਾ ਗਿਆ ਜਿੱਥੇ ਸਮੁੱਚੇ ਬਾਜੀਗਰ ਭਾਈਚਾਰੇ ਤੋਂ ਇਲਾਵਾ ਹੋਰਨਾ ਕਾਸਟਾ ਦੇ ਆਗੂ ਵੀ ਹਾਜ਼ਰ ਰਹੇ ਇਸ ਸੈਮੀਨਾਰ ਵਿੱਚ ਲੇਖਕ ਕਮਲ ਧਰਮਸੋਤ ਦੀ ਹਥੀ ਲਿਖਤ ਕਿਤਾਬ ਵੱਖਰੇ ਰਾਹਾਂ ਦੇ ਪਾਂਧੀ ਵੀ ਰਿਲੀਜ਼ ਕੀਤੀ ਗਈ ਜਿਸ ਵਿੱਚ ਸਮੁੱਚੇ ਬਾਜੀਗਰ ਭਾਈਚਾਰੇ ਦੇ ਜੀਵਨ ਸਬੰਧੀ ਦਰਸਾਇਆ ਗਿਆ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਣਜੀਤ ਸਿੰਘ ਰੱਖੜਾ, ਜਸਵੀਰ ਸਿੰਘ ਰੁਪਾਣਾ ਦੇਵੀਨਗਰ, ਹਰਿਦਰ ਸਿੰਘ ਅਵਲੋਵਾਲ, ਸੂਬੇਦਾਰ ਸਾਦੀ ਰਾਮ, ਕੋਚ ਜੋਰਿੰਦਰ ਸਿੰਘ, ਖੜਕ ਸਿੰਘ ਬਰਸਟ, ਫੌਜੀ ਗੁਰਪ੍ਰੀਤ ਸਿੰਘ ਨਾਭਾ, ਦਰਸ਼ਨ ਸਿੰਘ ਸਾਬਕਾ ਸਰਪੰਚ ਲਲੋਡਾ, ਚਰਨਾਂ ਰਾਮ ਲਾਲਕਾ ਨਾਦ ਆਗੂ ਵੀ ਹਾਜ਼ਰ ਸਨ।

ਸੜਕਾਂ ਦੇ ਨਿਰਮਾਣ ਵਿੱਚ ਵਰਤੀ ਜਾਣ ਵਾਲੀ ਸਮੱਗਰੀ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਨਹੀਂ : ਹਰਪਾਲ ਸਿੰਘ ਚੀਮਾ



ਦਿੜ੍ਹਬਾ, 21 ਨਵੰਬਰ
-ਸ਼ਹੀਦ-ਏ-ਆਜ਼ਮ-ਬਿਊਰੋ-

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦਿੜ੍ਹਬਾ ਵਿਧਾਨ ਸਭਾ ਹਲਕੇ ਦੇ ਪਿੰਡ ਢੰਡਿਆਲ ਵਿਖੇ ਪਹੁੰਚ ਕੇ ਢੰਡਿਆਲ ਤੋਂ ਚੁਨਾਗਰਾ ਤੱਕ ਬਣ ਰਹੀ ਸੜਕ ਦਾ ਜਾਇਜ਼ਾ ਲਿਆ। ਉਨ੍ਹਾਂ ਮੌਕੇ 'ਤੇ ਪ੍ਰੀਮਿਕਸ ਪਾਉਣ ਦਾ ਕੰਮ ਵੇਖਿਆ ਅਤੇ ਕਿਹਾ ਕਿ ਸੜਕਾਂ ਦੀ ਉਸਾਰੀ ਵਿੱਚ ਵਰਤੀ ਜਾਣ ਵਾਲੀ ਸਮੱਗਰੀ ਦੀ ਗੁਣਵੱਤਾ ਨਾਲ ਕਿਸੇ ਵੀ ਪੱਧਰ 'ਤੇ ਸਮਝੌਤਾ ਨਹੀਂ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਕਰੀਬ ਦੋ ਕਿਲੋਮੀਟਰ ਲੰਬੀ ਇਹ ਸੜਕ 1 ਕਰੋੜ 30 ਲੱਖ ਰੁਪਏ ਦੀ ਲਾਗਤ ਨਾਲ ਬਣਾਈ ਜਾ ਰਹੀ ਹੈ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਉਹ ਪਿੰਡਾਂ ਵਿੱਚ ਚੱਲ ਰਹੇ ਸੜਕੀ ਕੰਮਾਂ ਸਬੰਧੀ ਮੌਕਿਆਂ 'ਤੇ ਖੁਦ ਜਾ ਕੇ ਪ੍ਰਗਤੀ ਅਤੇ ਵਰਤੀ ਜਾ ਰਹੀ ਸਮੱਗਰੀ ਦਾ ਜਾਇਜ਼ਾ ਲੈ ਰਹੇ ਹਨ। ਉਨ੍ਹਾਂ ਸਰਪੰਚਾਂ ਅਤੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਪਿੰਡਾਂ ਵਿੱਚ ਚੱਲ ਰਹੇ ਸੜਕੀ ਕੰਮਾਂ 'ਤੇ ਨਜ਼ਰ ਰੱਖਣ। ਜੇਕਰ ਕਿਸੇ ਥਾਂ ਗ਼ੈਰ-ਮਿਆਰੀ ਸਮੱਗਰੀ ਦੀ ਵਰਤੋਂ ਜਾਂ ਕੰਮ ਵਿੱਚ ਕੋਈ ਊਣਤਾਈ ਸਾਹਮਣੇ ਆਉਂਦੀ ਹੈ ਤਾਂ ਤੁਰੰਤ ਸਬੰਧਤ ਵਿਭਾਗ ਨੂੰ ਸੂਚਿਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਕੁਤਾਹੀ ਪਾਏ ਜਾਣ 'ਤੇ ਕਰੋੜਾਂ ਰੁਪਏ ਖ਼ਰਚੇ ਗਏ ਹਨ ਅਤੇ ਸਕੂਲ ਦੀ ਇਮਾਰਤ ਨੂੰ ਵੀ ਅਪਗ੍ਰੇਡ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ 'ਸਿੱਖਿਆ ਕ੍ਰਾਂਤੀ' ਤਹਿਤ ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਹਰ ਤੀਜੇ ਪਿੰਡ ਵਿੱਚ ਵੱਡਾ ਸਟੇਡੀਅਮ ਬਣਾਉਣ ਦਾ ਉਪਰਾਲਾ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਨਸ਼ਿਆਂ ਤੋਂ ਦੂਰ ਰੱਖਣ ਲਈ ਕੀਤਾ ਗਿਆ ਹੈ।

ਇਸ ਮੌਕੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ, ਪਤਵੰਤੇ, ਅਤੇ ਵੱਡੀ ਗਿਣਤੀ ਪਿੰਡ ਵਾਸੀ ਹਾਜ਼ਰ ਸਨ।

ਨਾਭਾ 'ਚ ਆਜ਼ਾਦ ਵੈਲਫੇਅਰ ਐਂਡ ਸਪੋਰਟਸ ਕਲੱਬ ਦਾ ਅੱਠਵਾਂ ਕਬੱਡੀ ਕੱਪ ਸ਼ਾਨੋ-ਸ਼ੌਕਤ ਨਾਲ ਸੰਪੰਨ, ਹਰਭਜਨ ਮਾਨ ਦੇ ਗੀਤਾਂ ਨੇ ਬੰਨ੍ਹਿਆ ਰੰਗ

ਨਾਭਾ, 21 ਨਵੰਬਰ
-ਸ਼ਹੀਦ-ਏ-ਆਜ਼ਮ-ਬਿਊਰੋ-

ਨਾਭਾ ਦੇ ਸਥਾਨਕ ਰਿਪੁਦਮਨ ਕਾਲਜ ਦੇ ਸਟੇਡੀਅਮ ਵਿਖੇ ਆਜ਼ਾਦ ਵੈਲਫੇਅਰ ਐਂਡ ਸਪੋਰਟਸ ਕਲੱਬ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਅੱਠਵਾਂ ਕਬੱਡੀ ਕੱਪ ਬੜੀ ਧੂਮਧਾਮ ਅਤੇ ਸ਼ਾਨੋ-ਸ਼ੌਕਤ ਨਾਲ ਕਰਵਾਇਆ ਗਿਆ। ਆਮ ਆਦਮੀ ਪਾਰਟੀ ਦੇ ਆਗੂ ਅਤੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਦੀ ਅਗਵਾਈ ਹੇਠ ਕਰਵਾਏ ਗਏ ਇਸ ਖੇਡ ਮੇਲੇ ਵਿੱਚ ਪੰਜਾਬ ਸਰਕਾਰ ਦੇ ਦੋ ਕੈਬਨਿਟ ਮੰਤਰੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਕਬੱਡੀ ਟੂਰਨਾਮੈਂਟ ਵਿੱਚ ਪੰਜਾਬ ਦੇ ਕਈ ਨਾਮਵਰ ਕਬੱਡੀ ਖਿਡਾਰੀਆਂ ਨੇ ਆਪਣੀ ਖੇਡ ਦੇ ਜੌਹਰ ਦਿਖਾਏ ਅਤੇ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ। ਖੇਡ ਮੁਕਾਬਲਿਆਂ ਦੇ ਨਾਲ-ਨਾਲ ਕਲੱਬ ਵੱਲੋਂ ਹਰ ਸਾਲ ਦੀ ਤਰ੍ਹਾਂ ਵਿਸ਼ਾਲ ਸੱਭਿਆਚਾਰਕ ਪ੍ਰੋਗਰਾਮ ਵੀ ਕਰਵਾਇਆ ਗਿਆ, ਜਿਸ ਵਿੱਚ ਪੰਜਾਬ ਦੇ ਪ੍ਰਸਿੱਧ ਗਾਇਕ ਹਰਭਜਨ ਮਾਨ ਸਮੇਤ ਕਈ ਹੋਰ ਨਾਮੀ ਕਲਾਕਾਰਾਂ ਨੇ ਆਪਣੀ ਗਾਇਕੀ ਨਾਲ ਦਰਸ਼ਕਾਂ ਨੂੰ ਝੂਮਣ ਲਈ ਮਜਬੂਰ ਕਰ ਦਿੱਤਾ। ਇਸ ਸੱਭਿਆਚਾਰਕ ਮੇਲੇ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਪ੍ਰੀਤ ਕੰਬਾਈਨ ਦੇ ਐਮ.ਡੀ. ਹਰੀ ਸਿੰਘ ਪ੍ਰੀਤ, ਮਲਕੀਤ ਕੰਬਾਈਨ ਦੇ ਐਮ.ਡੀ. ਚਰਨ ਸਿੰਘ ਅਤੇ ਆਮ ਆਦਮੀ ਪਾਰਟੀ ਦੇ ਲੀਗਲ ਸੈੱਲ ਦੀ ਅਗਵਾਈ ਕਰ ਰਹੇ ਐਡਵੋਕੇਟ ਗਿਆਨ ਮਗੋ ਵੀ ਪਹੁੰਚੇ। ਉਨ੍ਹਾਂ ਨੇ ਜੱਸੀ ਸੋਹੀਆਂ ਵਾਲਾ ਅਤੇ ਸਮੁੱਚੀ ਕਲੱਬ ਟੀਮ ਵੱਲੋਂ ਖੇਡਾਂ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਕੀਤੇ ਜਾ ਰਹੇ ਉਪਰਾਲਿਆਂ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੰਜਾਬ ਦੇ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਅਤੇ ਪੰਚਾਇਤ ਮੰਤਰੀ ਤਰਨਪ੍ਰੀਤ ਸਿੰਘ ਸੌਂਦ ਨੇ ਪੰਜਾਬ ਸਰਕਾਰ ਵੱਲੋਂ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਸਰਵਪੱਖੀ ਵਿਕਾਸ ਲਈ ਲਗਾਤਾਰ ਯਤਨਸ਼ੀਲ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਜੱਸੀ ਸੋਹੀਆਂ ਵਾਲਾ ਵੱਲੋਂ ਖੇਡਾਂ ਨੂੰ ਪ੍ਰਫੁੱਲਤ ਕਰਨ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਕੀਤੇ ਜਾ ਰਹੇ ਉਪਰਾਲਿਆਂ ਦੀ ਵੀ ਭਰਪੂਰ ਸ਼ਲਾਘਾ ਕੀਤੀ। ਇਸ ਤਰ੍ਹਾਂ ਅੱਠਵਾਂ ਕਬੱਡੀ ਕੱਪ ਖੇਡਾਂ, ਸੱਭਿਆਚਾਰ ਅਤੇ ਮਨੋਰੰਜਨ ਦਾ ਸ਼ਾਨਦਾਰ ਸੁਮੇਲ ਬਣ ਕੇ ਯਾਦਗਾਰੀ ਹੋ ਨਿਬੜਿਆ।

ਛੱਠ ਪੂਜਾ ਮੌਕੇ ਵੱਖ-ਵੱਖ ਥਾਵਾਂ ਤੇ ਪਹੁੰਚੇ ਪਰਮਿੰਦਰ ਸਿੰਘ ਗੋਲਡੀ ਸ਼ਰਧਾਲੂਆਂ ਨੂੰ ਦਿੱਤੀਆਂ ਸ਼ੁਭਕਾਮਨਾਵਾਂ



ਕੁਰਾਲੀ, 21 ਨਵੰਬਰ
-ਸ਼ਹੀਦ-ਏ-ਆਜ਼ਮ-ਬਿਊਰੋ-

ਆਮ ਆਦਮੀ ਪਾਰਟੀ ਵੱਲੋਂ ਹਲਕਾ ਖਰੜ ਤੋਂ ਵਿਧਾਨ ਸਭਾ ਉਮੀਦਵਾਰ ਐਲਾਨੇ ਗਏ ਹਲਕਾ ਖਰੜ ਦੇ ਇੰਚਾਰਜ ਅਤੇ ਪੰਜਾਬ ਯੂਥ ਵਿਕਾਸ ਬੋਰਡ ਦੇ ਚੇਅਰਮੈਨ ਸ.ਪਰਮਿੰਦਰ ਸਿੰਘ ਗੋਲਡੀ ਵੱਲੋਂ ਛੱਠ ਪੂਜਾ ਦੇ ਪਵਿੱਤਰ ਤਿਉਹਾਰ ਮੌਕੇ ਖਰੜ ਅਤੇ ਕੁਰਾਲੀ ਵਿਖੇ ਕਰਵਾਏ ਗਏ ਧਾਰਮਿਕ ਸਮਾਗਮਾਂ ਵਿੱਚ ਸ਼ਿਰਕਤ ਕੀਤੀ ਗਈ ਅਤੇ ਸ਼ਰਧਾਲੂਆਂ ਨੂੰ ਤਿਉਹਾਰ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ਮਿਥਿਲਾ ਛੱਠ ਕਮੇਟੀ ਵੱਲੋਂ ਕਰਵਾਏ ਗਏ ਧਾਰਮਿਕ ਸਮਾਗਮ ਵਿੱਚ ਸ.ਪਰਮਿੰਦਰ ਸਿੰਘ ਗੋਲਡੀ ਖਰੜ ਦੇ ਮਹਾਰਾਜਾ ਅੱਜ ਸਰੋਵਰ ਵਿਖੇ ਪਹੁੰਚੇ ਇਸ ਮੌਕੇ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਅਤੇ ਪਰਿਵਾਰਾਂ ਵੱਲੋਂ ਸ਼ਾਮ ਸਮੇਂ ਡੁੱਬਦੇ ਸੂਰਜ ਨੂੰ ਅਰਘ ਭੇਟ ਕੀਤਾ ਗਿਆ ਸ਼ਰਧਾਲੂਆਂ ਨੇ ਫਲਾਂ ਮਠਿਆਈਆਂ ਅਤੇ ਹੋਰ ਪੂਜਾ ਸਮੱਗਰੀ ਨਾਲ ਸੂਰਜ ਦੇਵਤਾ ਦੀ ਪੂਜਾ ਕਰਦਿਆਂ ਆਪਣੇ ਪਰਿਵਾਰਾਂ ਦੀ ਸੁੱਖ-ਸ਼ਾਂਤੀ ਅਤੇ ਖੁਸ਼ਹਾਲੀ ਲਈ ਕਾਮਨਾ ਕੀਤੀ ਇਸੇ ਤਰ੍ਹਾਂ ਪਰਮਿੰਦਰ ਸਿੰਘ ਗੋਲਡੀ ਕੁਰਾਲੀ ਅਤੇ ਨਯਾਗਾਓਂ ਵਿਖੇ ਕਰਵਾਏ ਗਏ ਛੱਠ ਪੂਜਾ ਦੇ ਧਾਰਮਿਕ ਸਮਾਗਮਾਂ ਵਿੱਚ ਸ਼ਾਮਲ ਹੋਏ ਇਸ ਦਿਨ ਸਵੇਰੇ ਤੜਕਸਾਰ ਸ਼ਰਧਾਲੂਆਂ ਵੱਲੋਂ ਚੜ੍ਹਦੇ ਸੂਰਜ ਨੂੰ ਅਰਘ ਭੇਟ ਕਰਕੇ ਪੂਜਾ-ਅਰਚਨਾ ਕੀਤੀ ਗਈ ਪੂਜਾ ਸੰਪੰਨ ਹੋਣ ਉਪਰੰਤ ਸ਼ਰਧਾਲੂਆਂ ਨੇ ਆਪਣਾ 36 ਘੰਟਿਆਂ ਦਾ ਵਰਤ ਖੋਲ੍ਹਿਆ ਅਤੇ ਪ੍ਰਸ਼ਾਦ ਵੰਡ ਕੇ ਖੁਸ਼ੀਆਂ ਸਾਂਝੀਆਂ ਕੀਤੀਆਂ ਇਸ ਮੌਕੇ ਪਰਮਿੰਦਰ ਸਿੰਘ ਗੋਲਡੀ ਨੇ ਛੱਠ ਪੂਜਾ ਦੀਆਂ ਸਮੂਹ ਸ਼ਰਧਾਲੂਆਂ ਨੂੰ ਵਧਾਈਆਂ ਦਿੰਦਿਆਂ ਕਿਹਾ ਕਿ ਛੱਠ ਪੂਜਾ ਆਸਥਾ ਸ਼ਰਧਾ ਅਤੇ ਕੁਦਰਤ ਪ੍ਰਤੀ ਸਤਿਕਾਰ ਦਾ ਪ੍ਰ

ਗੀਤਾ ਦਾ ਸੰਦੇਸ਼ ਅਤੇ ਭਗਵਾਨ ਬਿਰਸਾ ਮੁੰਡਾ ਦਾ ਸੰਘਰਸ਼ ਸਾਰਿਆਂ ਲਈ ਪ੍ਰੇਰਨਾ ਸਰੋਤ: ਮੁੱਖ ਮੰਤਰੀ

➢ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਪੰਚਕੂਲਾ ਵਿੱਚ ਸ੍ਰੀ ਕ੍ਰਿਸ਼ਨ ਕ੍ਰਿਪਾ ਧਾਮ ਦੇ ਭਵਨ ਨਿਰਮਾਣ ਦਾ ਰੱਖਿਆ ਨੀਂਹ ਪੱਥਰ ➢ ਭਗਵਾਨ ਬਿਰਸਾ ਮੁੰਡਾ ਦੀ ਜਯੰਤੀ 'ਤੇ ਰਾਜ ਪੱਧਰੀ ਸਮਾਗਮ ਵਿੱਚ ਭੇਟ ਕੀਤੀ ਸ਼ਰਧਾਂਜਲੀ ➢ ਮੁੱਖ ਮੰਤਰੀ ਨੇ ਸ੍ਰੀ ਕ੍ਰਿਸ਼ਨ ਕ੍ਰਿਪਾ ਧਾਮ ਦੇ ਨਿਰਮਾਣ ਲਈ ਆਪਣੇ ਅਖ਼ਤਿਆਰੀ ਕੋਟੇ ਵਿੱਚੋਂ 31 ਲੱਖ ਰੁਪਏ ਦੇਣ ਦਾ ਕੀਤਾ ਐਲਾਨ

ਪੰਚਕੂਲਾ, 21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਭਗਵਾਨ ਸ੍ਰੀ ਕ੍ਰਿਸ਼ਨ ਨੇ ਸਾਨੂੰ ਗੀਤਾ ਰਾਹੀਂ ਕਰਮ, ਕਰਤੱਵ ਅਤੇ ਲੋਕ ਭਲਾਈ ਦਾ ਮਾਰਗ ਦਿਖਾਇਆ, ਉੱਥੇ ਹੀ ਭਗਵਾਨ ਬਿਰਸਾ ਮੁੰਡਾ ਨੇ ਆਪਣੇ ਜੀਵਨ ਅਤੇ ਸੰਘਰਸ਼ ਨਾਲ ਸਾਨੂੰ ਸਵੈ-ਮਾਣ, ਏਕਤਾ ਅਤੇ ਆਪਣੀ ਧਰਤੀ ਤੇ ਸੱਭਿਆਚਾਰ ਦੀ ਰੱਖਿਆ ਦਾ ਸੰਕਲਪ ਦਿੱਤਾ। ਦੋਵਾਂ ਮਹਾਂਪੁਰਖਾਂ ਦੇ ਸੰਦੇਸ਼ ਸਾਨੂੰ ਸਿਖਾਉਂਦੇ ਹਨ ਕਿ ਸੱਚਾ ਜੀਵਨ ਉਹੀ ਹੈ, ਜੋ ਆਪਣੇ ਕਰਤੱਵ ਪ੍ਰਤੀ ਵਫ਼ਾਦਾਰ ਹੋਵੇ ਅਤੇ ਸਮਾਜ ਦੇ ਹਿੱਤ ਵਿੱਚ ਸਮਰਪਿਤ ਹੋਵੇ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਇਹ ਗੱਲ ਐਤਵਾਰ ਨੂੰ ਪੰਚਕੂਲਾ ਵਿੱਚ 'ਸ੍ਰੀ ਕ੍ਰਿਸ਼ਨ ਕ੍ਰਿਪਾ ਧਾਮ' ਦੇ ਭਵਨ ਦਾ ਨੀਂਹ ਪੱਥਰ ਰੱਖਣ ਅਤੇ ਜਨਜਾਤੀ ਗੌਰਵ ਦਿਵਸ 'ਤੇ ਭਗਵਾਨ ਬਿਰਸਾ ਮੁੰਡਾ ਦੀ ਜਯੰਤੀ ਦੇ ਰਾਜ ਪੱਧਰੀ ਸਮਾਗਮ ਨੂੰ ਸੰਬੋਧਨ ਕਰਦਿਆਂ ਕਹੀ। ਮੁੱਖ ਮੰਤਰੀ ਨੇ ਸ੍ਰੀ ਕ੍ਰਿਸ਼ਨ ਕ੍ਰਿਪਾ ਧਾਮ ਦੇ ਨਿਰਮਾਣ ਕਾਰਜ ਲਈ 31 ਲੱਖ ਰੁਪਏ ਦੀ ਸਹਿਯੋਗ ਰਾਸ਼ੀ ਦੇਣ ਦਾ ਵੀ ਐਲਾਨ ਕੀਤਾ। ਮੁੱਖ ਮੰਤਰੀ ਨੇ ਜਨਜਾਤੀ ਗੌਰਵ ਦਿਵਸ ਦੇ ਰਾਸ਼ਟਰੀ ਪ੍ਰੋਗਰਾਮ ਨਾਲ ਆਨਲਾਈਨ ਮਾਧਿਅਮ ਰਾਹੀਂ ਜੁੜਦਿਆਂ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦਾ ਸੰਬੋਧਨ ਵੀ ਸੁਣਿਆ।



ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸ੍ਰੀ ਕ੍ਰਿਸ਼ਨ ਕ੍ਰਿਪਾ ਧਾਮ ਦੇ ਰੂਪ ਵਿੱਚ ਪੰਚਕੂਲਾ ਦੀ ਇਸ ਪਵਿੱਤਰ ਧਰਤੀ 'ਤੇ ਸਿਰਫ਼ ਇੱਕ ਭਵਨ ਦੀ ਹੀ ਨਹੀਂ, ਸਗੋਂ ਇੱਕ ਅਜਿਹੇ ਅਧਿਆਤਮਿਕ ਕੇਂਦਰ ਦੀ ਨੀਂਹ ਰੱਖੀ ਜਾ ਰਹੀ ਹੈ, ਜਿਸ ਰਾਹੀਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੰਸਕਾਰ, ਸੇਵਾ, ਸਮਰਪਣ ਅਤੇ ਸ੍ਰੀਮਦ ਭਗਵਦ ਗੀਤਾ ਦਾ ਗਿਆਨ ਪ੍ਰਾਪਤ ਹੋਵੇਗਾ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਇੱਟ ਅਤੇ ਪੱਥਰ ਨਾਲ ਬਣਨ ਵਾਲਾ ਇਹ ਭਵਨ ਸ਼ਰਧਾ ਅਤੇ ਸੰਸਕਾਰਾਂ ਦੇ ਬਲ 'ਤੇ ਇੱਕ ਤੀਰਥ ਵਜੋਂ ਵਿਕਸਤ ਹੋਵੇਗਾ।

ਗੀਤਾ ਦਾ ਗਿਆਨ ਚਿੰਤਾਵਾਂ ਨੂੰ ਖ਼ਤਮ ਕਰਦਾ ਹੈ:

ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਜੀ ਦੇ ਮਾਰਗਦਰਸ਼ਨ ਹੇਠ ਹਰਿਆਣਾ ਸਰਕਾਰ ਗੀਤਾ ਦੇ ਸੰਦੇਸ਼ ਨੂੰ ਕੁਰੂਕਸ਼ੇਤਰ ਤੋਂ ਹੁਣ ਵਿਸ਼ਵ ਵਿੱਚ ਘਰ-ਘਰ ਤੱਕ ਪਹੁੰਚਾਉਣ ਦਾ ਯਤਨ ਕਰ ਰਹੀ ਹੈ, ਜਿਸ ਵਿੱਚ ਗੀਤਾ ਮਨੀਸ਼ੀ ਸਵਾਮੀ ਗਿਆਨਾਨੰਦ ਜੀ ਮਹਾਰਾਜ ਦਾ ਜ਼ਿਕਰਯੋਗ ਸਹਿਯੋਗ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਦੌਰ ਵਿੱਚ ਜਦੋਂ ਅਸੀਂ ਭਵਿੱਖ ਨੂੰ ਲੈ ਕੇ ਚਿੰਤਤ ਹੁੰਦੇ ਹਾਂ, ਤਾਂ ਸ੍ਰੀਮਦ ਭਗਵਦ ਗੀਤਾ ਸਾਨੂੰ ਧੀਰਜ, ਵਿਵੇਕ ਅਤੇ ਕਰਮ ਕਰਨ ਦੀ ਪ੍ਰੇਰਨਾ ਦਿੰਦੀ ਹੈ। ਮੁੱਖ ਮੰਤਰੀ ਨੇ ਕਾਮਨਾ ਕੀਤੀ ਕਿ ਇਸ ਧਾਮ ਤੋਂ ਨਿਕਲਣ ਵਾਲਾ ਅਧਿਆਤਮਿਕ ਸੰਦੇਸ਼ ਪੰਚਕੂਲਾ ਤੋਂ ਪੂਰੇ ਹਰਿਆਣਾ ਅਤੇ ਦੇਸ਼ ਭਰ ਵਿੱਚ ਫੈਲੇ।

ਪ੍ਰਧਾਨ ਮੰਤਰੀ ਨੇ ਜਨਜਾਤੀ ਗੌਰਵ ਦਿਵਸ ਨੂੰ ਰਾਸ਼ਟਰੀ ਪਛਾਣ ਦਿਵਾਈ:

ਮੁੱਖ ਮੰਤਰੀ ਨੇ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਭਗਵਾਨ ਬਿਰਸਾ ਮੁੰਡਾ ਦੀ ਜਯੰਤੀ ਨੂੰ ਜਨਜਾਤੀ ਗੌਰਵ ਦਿਵਸ ਵਜੋਂ ਰਾਸ਼ਟਰੀ ਪਛਾਣ ਦਿਵਾਈ। ਸਾਲ 2021 ਤੋਂ ਹਰ ਸਾਲ 15 ਨਵੰਬਰ ਨੂੰ ਇਹ ਦਿਵਸ ਮਨਾਇਆ ਜਾ ਰਿਹਾ ਹੈ, ਤਾਂ ਜੋ ਜਨਜਾਤੀ ਵੀਰਾਂ ਦੀ ਕੁਰਬਾਨੀ ਅਤੇ ਜਨਜਾਤੀ ਸਮਾਜ ਦੇ ਯੋਗਦਾਨ ਨੂੰ ਪੂਰੇ ਦੇਸ਼ ਦੇ ਸਾਹਮਣੇ ਸਤਿਕਾਰ ਸਹਿਤ ਯਾਦ ਕੀਤਾ ਜਾ ਸਕੇ। ਉਨ੍ਹਾਂ ਇਸ ਪਹਿਲਕਦਮੀ ਲਈ ਪ੍ਰਧਾਨ ਮੰਤਰੀ ਦਾ ਧੰਨਵਾਦ ਪ੍ਰਗਟਾਇਆ।

ਬਿਰਸਾ ਮੁੰਡਾ ਦਾ ਸੰਘਰਸ਼ ਇਤਿਹਾਸ ਵਿੱਚ ਦਰਜ:

ਮੁੱਖ ਮੰਤਰੀ ਨੇ ਕਿਹਾ ਕਿ ਧਰਤੀ ਆਬਾ ਭਗਵਾਨ ਬਿਰਸਾ ਮੁੰਡਾ ਦਾ ਜੀਵਨ ਸਾਹਸ, ਸੰਘਰਸ਼, ਸਵੈ-ਮਾਣ ਅਤੇ ਆਪਣੀ ਧਰਤੀ ਤੇ ਸੱਭਿਆਚਾਰ ਦੀ ਰੱਖਿਆ ਦੇ ਸੰਕਲਪ ਦਾ ਪ੍ਰਤੀਕ ਹੈ। ਮਹਿਜ਼ 25 ਸਾਲ ਦੀ ਛੋਟੀ ਉਮਰ ਵਿੱਚ ਭਗਵਾਨ ਬਿਰਸਾ ਮੁੰਡਾ ਨੇ ਅੰਗਰੇਜ਼ੀ ਹਕੂਮਤ ਦੀਆਂ ਨੀਂਹਾਂ ਹਿਲਾ ਦਿੱਤੀਆਂ ਸਨ। ਅੰਗਰੇਜ਼ੀ ਸ਼ਾਸਨ ਅਤੇ ਸ਼ੋਸ਼ਣਕਾਰੀ ਪ੍ਰਬੰਧ ਵਿਰੁੱਧ ਉਨ੍ਹਾਂ ਦਾ ਸੰਘਰਸ਼ ਇਤਿਹਾਸ ਵਿੱਚ ਦਰਜ ਹੈ। ਉਨ੍ਹਾਂ ਦਾ ਜੀਵਨ ਸਾਨੂੰ ਸਿਖਾਉਂਦਾ ਹੈ ਕਿ ਸਾਹਸ ਸਿਰਫ਼ ਹਥਿਆਰ ਚੁੱਕਣ ਵਿੱਚ ਨਹੀਂ, ਸਗੋਂ ਆਪਣੇ ਲੋਕਾਂ ਦੇ ਅਧਿਕਾਰਾਂ, ਸਨਮਾਨ ਅਤੇ ਭਵਿੱਖ ਲਈ ਨਿਡਰ ਹੋ ਕੇ ਖੜ੍ਹੇ ਹੋਣ ਵਿੱਚ ਵੀ ਹੈ। ਉਨ੍ਹਾਂ ਸਮਾਜ ਸੁਧਾਰਕ ਵਜੋਂ ਨਸ਼ੇ, ਅੰਧਵਿਸ਼ਵਾਸ ਅਤੇ ਕੁਰੀਤੀਆਂ ਵਿਰੁੱਧ ਆਵਾਜ਼ ਬੁਲੰਦ ਕੀਤੀ ਅਤੇ ਫਿਰ 'ਸਾਡੀ ਧਰਤੀ, ਸਾਡਾ ਰਾਜ' ਦਾ ਨਾਅਰਾ ਦੇ ਕੇ ਜਲ, ਜੰਗਲ ਅਤੇ ਜ਼ਮੀਨ ਦੀ ਰੱਖਿਆ ਲਈ ਮਹਾਂ-ਵਿਦਰੋਹ ਦੀ ਅਗਵਾਈ ਕੀਤੀ।

ਬਿਰਸਾ ਮੁੰਡਾ ਨੇ ਗੀਤਾ ਨੂੰ ਜੀਵਨ ਵਿੱਚ ਉਤਾਰ ਕੇ ਦਿਖਾਇਆ:

ਮੁੱਖ ਮੰਤਰੀ ਨੇ ਕਿਹਾ ਕਿ ਜੇਕਰ ਅਸੀਂ ਭਗਵਾਨ ਬਿਰਸਾ ਮੁੰਡਾ ਦੇ ਜੀਵਨ ਨੂੰ ਗਹੁ ਨਾਲ ਦੇਖੀਏ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਉਨ੍ਹਾਂ ਨੇ ਗੀਤਾ ਨੂੰ ਆਪਣੇ ਜੀਵਨ ਵਿੱਚ ਉਤਾਰ ਕੇ ਦਿਖਾਇਆ ਅਤੇ ਗੀਤਾ ਦੇ ਸੰਦੇਸ਼ ਅਨੁਸਾਰ ਕਰਮ ਅਤੇ ਕਰਤੱਵ ਨੂੰ ਪਹਿਲ ਦਿੱਤੀ, ਜਿਸ ਕਾਰਨ ਉਨ੍ਹਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਉਨ੍ਹਾਂ ਨੇ ਘੱਟ ਉਮਰ ਵਿੱਚ ਹੀ ਬੇਇਨਸਾਫ਼ੀ ਅਤੇ ਸ਼ੋਸ਼ਣ ਵਿਰੁੱਧ ਆਵਾਜ਼ ਉਠਾ ਕੇ ਜਨਜਾਤੀ ਸਮਾਜ ਵਿੱਚ ਜਾਗਰੂਕਤਾ, ਏਕਤਾ ਅਤੇ ਸੱਭਿਆਚਾਰਕ ਗੌਰਵ ਦੀ ਭਾਵਨਾ ਜਗਾਈ।

ਅੱਜ ਦੇਸ਼ ਦੇ ਹਰ ਕਿਸਾਨ, ਆਦਿਵਾਸੀ ਅਤੇ ਬੇਇਨਸਾਫ਼ੀ ਵਿਰੁੱਧ ਖੜ੍ਹੇ ਹੋਣ ਵਾਲੇ ਹਰ ਨੌਜਵਾਨ ਦੇ ਅੰਦਰ ਭਗਵਾਨ ਬਿਰਸਾ ਮੁੰਡਾ ਜਿਉਂਦੇ ਹਨ।

ਪ੍ਰਮੁੱਖ ਪਤਵੰਤੇ ਸੱਜਣ ਰਹੇ ਹਾਜ਼ਰ:

ਇਸ ਮੌਕੇ ਗੀਤਾ ਮਨੀਸ਼ੀ ਸਵਾਮੀ ਗਿਆਨਾਨੰਦ ਮਹਾਰਾਜ, ਕਾਲਕਾ ਦੀ ਵਿਧਾਇਕਾ ਸ੍ਰੀਮਤੀ ਸ਼ਕਤੀ ਰਾਣੀ ਸ਼ਰਮਾ, ਮੇਅਰ ਅਤੇ ਸ੍ਰੀ ਕ੍ਰਿਸ਼ਨ ਕ੍ਰਿਪਾ ਪਰਿਵਾਰ ਪੰਚਕੂਲਾ ਟਰੱਸਟ ਦੇ ਸਰਪ੍ਰਸਤ ਸ੍ਰੀ ਸ਼ਿਆਮ ਲਾਲ ਬਾਂਸਲ, ਹਰਿਆਣਾ ਵਿਧਾਨ ਸਭਾ ਦੇ ਸਾਬਕਾ ਸਪੀਕਰ ਸ੍ਰੀ ਗਿਆਨ ਚੰਦ ਗੁਪਤਾ, ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਸ੍ਰੀ ਅਜੇ ਮਿੱਤਲ, ਹਰਿਆਣਾ ਅਨੁਸੂਚਿਤ ਜਾਤੀ ਕਮਿਸ਼ਨ ਦੀ ਚੇਅਰਪਰਸਨ ਸ੍ਰੀਮਤੀ ਬੰਤੋ ਕਟਾਰੀਆ, ਹਰਿਆਣਾ ਸ਼ਿਵਾਲਿਕ ਵਿਕਾਸ ਬੋਰਡ ਦੇ ਕਾਰਜਕਾਰੀ ਉਪ-ਚੇਅਰਮੈਨ ਸ੍ਰੀ ਓਮ ਪ੍ਰਕਾਸ਼ ਦੇਵੀਨਗਰ, ਸੂਬਾ ਮੀਤ ਪ੍ਰਧਾਨ ਸ੍ਰੀਮਤੀ ਸੁਨੀਤਾ ਦੁੱਗਲ, ਬਾਬਾ ਭੁਪਿੰਦਰ, ਮੁੱਖ ਮੰਤਰੀ ਦੇ ਓ.ਐਸ.ਡੀ. ਸ੍ਰੀ ਬੀ.ਬੀ. ਭਾਰਤੀ, ਵਿਸ਼ੇਸ਼ ਸ਼ਿਕਾਇਤ ਨਿਵਾਰਨ ਅਧਿਕਾਰੀ ਸ੍ਰੀ ਭੋਪਾਲ ਸਿੰਘ ਖੱਦਰੀ, ਡਿਪਟੀ ਕਮਿਸ਼ਨਰ ਸ੍ਰੀ ਸਤਪਾਲ ਸ਼ਰਮਾ, ਸ੍ਰੀ ਐਸ.ਪੀ. ਸਿੰਗਲਾ, ਸ੍ਰੀ ਕ੍ਰਿਸ਼ਨ ਕ੍ਰਿਪਾ ਪਰਿਵਾਰ ਪੰਚਕੂਲਾ ਟਰੱਸਟ ਦੇ ਅਹੁਦੇਦਾਰ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

ਸੈਣੀ ਨੇ ਨੀਲਧਾਰੀ ਗੁਰਦੁਆਰਾ ਪਿਪਲੀ ਸਾਹਿਬ ਵਿਖੇ ਟੇਕਿਆ ਮੱਥਾ, ਸੂਬੇ ਦੀ ਸੁੱਖ-ਸ਼ਾਂਤੀ ਅਤੇ ਖੁਸ਼ਹਾਲੀ ਦੀ ਕੀਤੀ ਅਰਦਾਸ

ਚੰਡੀਗੜ੍ਹ, 21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕੁਰੂਕਸ਼ੇਤਰ ਦੇ ਪਿਪਲੀ ਸਥਿਤ ਇਤਿਹਾਸਕ ਨੀਲਧਾਰੀ ਗੁਰਦੁਆਰਾ ਪਿਪਲੀ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਸੂਬੇ ਦੇ ਨਾਗਰਿਕਾਂ ਦੀ ਸੁੱਖ-ਸ਼ਾਂਤੀ, ਸਮ੍ਰਿਧੀ ਅਤੇ ਖੁਸ਼ਹਾਲੀ ਲਈ ਅਰਦਾਸ ਕੀਤੀ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੇ ਗੁਰਦੁਆਰਾ ਸਾਹਿਬ ਪਹੁੰਚਣ 'ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤ ਵੱਲੋਂ ਸਵਾਗਤ ਕੀਤਾ ਗਿਆ। ਇਸ ਮੌਕੇ ਮੁੱਖ ਮੰਤਰੀ ਨੇ ਗੁਰਦੁਆਰੇ ਵਿੱਚ ਚੱਲ ਰਹੇ ਧਾਰਮਿਕ ਸਮਾਗਮਾਂ ਵਿੱਚ ਹਿੱਸਾ ਲਿਆ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਗੁਰਦੁਆਰਾ ਪਿਪਲੀ ਸਾਹਿਬ ਦਾ ਇਤਿਹਾਸਕ ਅਤੇ ਧਾਰਮਿਕ ਮਹੱਤਵ ਹੈ। ਇੱਥੇ ਆ ਕੇ ਮਨ ਨੂੰ ਅਥਾਹ ਸ਼ਾਂਤੀ ਮਿਲਦੀ ਹੈ। ਸਿੱਖ ਗੁਰੂਆਂ ਨੇ ਸਾਨੂੰ ਮਨੁੱਖਤਾ, ਸੇਵਾ ਅਤੇ ਭਾਈਚਾਰੇ ਦਾ ਮਾਰਗ ਦਿਖਾਇਆ ਹੈ। ਸੂਬਾ ਸਰਕਾਰ ਵੀ ਇਸੇ ਮਾਰਗ 'ਤੇ ਚੱਲਦਿਆਂ 'ਸਭ ਕਾ ਸਾਥ-ਸਭ ਕਾ ਵਿਕਾਸ' ਦੇ ਮੰਤਰ ਨਾਲ ਹਰ ਵਰਗ ਦੀ ਭਲਾਈ ਲਈ ਕੰਮ ਕਰ ਰਹੀ ਹੈ।

ਇਸ ਮੌਕੇ ਸੰਸਦ ਮੈਂਬਰ ਨਵੀਨ ਜਿੰਦਲ, ਸਾਬਕਾ ਰਾਜ ਮੰਤਰੀ ਸੁਭਾਸ਼ ਸੁਧਾ, ਚੇਅਰਮੈਨ ਰਵਿੰਦਰ ਸਾਂਗਵਾਨ, ਚੇਅਰਮੈਨ ਗੁਰਨਾਮ ਸਿੰਘ ਸੈਣੀ, ਚੇਅਰਮੈਨ ਸੁਭਾਸ਼ ਕਲਸਾਨਾ, ਚੇਅਰਪਰਸਨ ਕੰਵਲਜੀਤ ਕੌਰ, ਚੇਅਰਪਰਸਨ ਮਾਫੀ ਢਾਂਡਾ, ਗੁਰਦੁਆਰਾ ਕਮੇਟੀ ਦੇ ਸੀਨੀਅਰ ਅਹੁਦੇਦਾਰ ਅਤੇ ਵੱਡੀ ਗਿਣਤੀ ਵਿੱਚ ਸੰਗਤ ਹਾਜ਼ਰ ਰਹੀ।

ਖੇਤੀਬਾੜੀ ਮੰਤਰੀ ਸ਼ਿਆਮ ਸਿੰਘ ਰਾਣਾ ਨੇ ਪਿਪਲੀ ਅਨਾਜ ਮੰਡੀ ਦਾ ਕੀਤਾ ਦੌਰਾ, ਝੋਨੇ ਦੀ ਖਰੀਦ ਦੇ ਕੰਮਾਂ ਬਾਰੇ ਲਈ ਜਾਣਕਾਰੀ



ਚੰਡੀਗੜ੍ਹ, 21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਦੇ ਖੇਤੀਬਾੜੀ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਸ਼ਨੀਵਾਰ ਨੂੰ ਕੁਰੂਕਸ਼ੇਤਰ ਦੀ ਪਿਪਲੀ ਅਨਾਜ ਮੰਡੀ ਦਾ ਦੌਰਾ ਕੀਤਾ ਅਤੇ ਝੋਨੇ ਦੀ ਖਰੀਦ ਦੇ ਕੰਮਾਂ ਬਾਰੇ ਜਾਣਕਾਰੀ ਲਈ। ਖੇਤੀਬਾੜੀ ਮੰਤਰੀ ਸ਼ਿਆਮ ਸਿੰਘ ਰਾਣਾ ਨੇ ਮੰਡੀ ਵਿੱਚ ਝੋਨੇ ਦੀ ਖਰੀਦ ਅਤੇ ਚੁਕਾਈ ਦੇ ਕੰਮਾਂ ਵਿੱਚ ਮੋਹਰੀ ਰਹਿਣ ਲਈ ਪਿਪਲੀ ਮਾਰਕੀਟ ਕਮੇਟੀ ਦੇ ਸਕੱਤਰ ਗੁਰਮੀਤ ਸੈਣੀ ਅਤੇ ਪਿਪਲੀ ਅਨਾਜ ਮੰਡੀ ਦੇ ਆੜ੍ਹਤੀਆਂ ਤੇ ਮੰਡੀ ਐਸੋਸੀਏਸ਼ਨ ਨੂੰ ਵਧਾਈ ਦਿੱਤੀ। ਖੇਤੀਬਾੜੀ ਮੰਤਰੀ ਨੇ ਮਾਰਕੀਟ ਕਮੇਟੀ ਦੇ ਸਕੱਤਰ ਗੁਰਮੀਤ ਸੈਣੀ ਤੋਂ ਝੋਨੇ ਦੀ ਖਰੀਦ ਦੇ ਕੰਮਾਂ ਬਾਰੇ ਜਾਣਕਾਰੀ ਲਈ। ਉਨ੍ਹਾਂ ਨੇ ਖੇਤੀਬਾੜੀ ਮੰਤਰੀ ਨੂੰ ਦੱਸਿਆ ਕਿ ਕਿਸਾਨਾਂ ਨੂੰ ਝੋਨੇ ਦੀ ਖਰੀਦ ਦੀ ਅਦਾਇਗੀ ਵੀ ਸਰਕਾਰ ਦੀਆਂ ਹਦਾਇਤਾਂ ਅਨੁਸਾਰ 72 ਘੰਟਿਆਂ ਦੇ ਅੰਦਰ ਕਰ ਦਿੱਤੀ ਗਈ ਹੈ। ਪਿਪਲੀ ਮੰਡੀ ਨੇ ਖਰੀਦ ਅਤੇ ਝੋਨੇ ਦੀ ਚੁਕਾਈ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ।

ਇਸ ਦੌਰਾਨ ਖੇਤੀਬਾੜੀ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਕੋਲ ਆੜ੍ਹਤੀਆਂ ਨੇ ਮੰਡੀ ਵਿੱਚ ਸਰ੍ਹੋਂ ਅਤੇ ਸੂਰਜਮੁਖੀ ਦੀ ਖਰੀਦ ਕਰਨ ਦੀ ਮੰਗ ਰੱਖੀ। ਇਸ 'ਤੇ ਖੇਤੀਬਾੜੀ ਮੰਤਰੀ ਨੇ ਆੜ੍ਹਤੀਆਂ ਨੂੰ ਭਰੋਸਾ ਦਿਵਾਇਆ ਕਿ ਪਿਪਲੀ ਮੰਡੀ ਵਿੱਚ ਸਰ੍ਹੋਂ ਅਤੇ ਸੂਰਜਮੁਖੀ ਦੀ ਖਰੀਦ ਦਾ ਕੰਮ ਵੀ ਸ਼ੁਰੂ ਕੀਤਾ ਜਾਵੇਗਾ। ਇਸ ਦੌਰਾਨ ਆੜ੍ਹਤੀਆਂ ਅਤੇ ਕਿਸਾਨਾਂ ਨੇ ਖੇਤੀਬਾੜੀ ਮੰਤਰੀ ਦੇ ਸਾਹਮਣੇ ਕਿਸਾਨ ਰੈਸਟ ਹਾਊਸ ਬਣਾਉਣ ਦੀ ਮੰਗ ਰੱਖੀ। ਇਸ 'ਤੇ ਖੇਤੀਬਾੜੀ ਮੰਤਰੀ ਨੇ ਸਹਿਮਤੀ ਪ੍ਰਗਟਾਉਂਦਿਆਂ ਕਿਹਾ ਕਿ ਉਨ੍ਹਾਂ ਦੀ ਇਸ ਮੰਗ 'ਤੇ ਵੀ ਵਿਚਾਰ ਕਰਕੇ ਇਸ ਨੂੰ ਜ਼ਰੂਰ ਪੂਰਾ ਕੀਤਾ ਜਾਵੇਗਾ। ਇਸ ਤੋਂ ਇਲਾਵਾ ਖੇਤੀਬਾੜੀ ਮੰਤਰੀ ਨੇ ਆੜ੍ਹਤੀਆਂ ਅਤੇ ਕਿਸਾਨਾਂ ਦੀਆਂ ਹੋਰ ਮੰਗਾਂ 'ਤੇ ਵੀ ਵਿਚਾਰ ਕੀਤਾ ਅਤੇ ਉਨ੍ਹਾਂ ਨੂੰ ਜਲਦੀ ਪੂਰਾ ਕਰਨ ਦਾ ਭਰੋਸਾ ਦਿੱਤਾ।

ਇਸ ਮੌਕੇ ਪਿਪਲੀ ਮਾਰਕੀਟ ਕਮੇਟੀ ਦੇ ਚੇਅਰਮੈਨ ਸਤੀਸ਼ ਕੁਮਾਰ, ਜ਼ਿਲ੍ਹਾ ਅਨਾਜ ਮੰਡੀ ਆੜ੍ਹਤੀ ਐਸੋਸੀਏਸ਼ਨ ਦੇ ਜ਼ਿਲ੍ਹਾ ਜਨਰਲ ਸਕੱਤਰ ਧਰਮਪਾਲ ਮਖਾਨਾ, ਮਾਰਕੀਟ ਕਮੇਟੀ ਪਿਪਲੀ ਦੇ ਵਾਈਸ ਚੇਅਰਮੈਨ ਅਮੀਰਚੰਦ ਸਮੇਤ ਹੋਰ ਆੜ੍ਹਤੀ ਮੌਜੂਦ ਸਨ।

ਨਗਰ ਪੰਚਾਇਤ ਅਧੀਨ ਆਉਂਦੇ ਇਲਾਕੇ ਦੇ ਚਹੁੰਮੁਖੀ ਵਿਕਾਸ ਲਈ ਹਡਾਣਾ ਨੇ ਤਿਆਰ ਕੀਤੀ ਨਵੀਂ ਰੂਪ-ਰੇਖਾ



ਦੇਵੀਗੜ੍ਹ 21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਨਗਰ ਪੰਚਾਇਤ ਅਧੀਨ ਆਉਂਦੇ ਇਲਾਕੇ ਦੇ ਸਰਬਪੱਖੀ ਵਿਕਾਸ ਅਤੇ ਹਰ ਵਾਰਡ ਦੀ ਨੁਹਾਰ ਬਦਲਣ ਲਈ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਸਰਦਾਰ ਰਣਜੋਧ ਸਿੰਘ ਹਡਾਣਾ ਵੱਲੋਂ ਅਧਿਕਾਰੀਆਂ ਅਤੇ ਚੁਣੇ ਹੋਏ ਨੁਮਾਇੰਦਿਆਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੌਰਾਨ ਇਲਾਕੇ ਵਿੱਚ ਚੱਲ ਰਹੇ ਅਤੇ ਆਉਣ ਵਾਲੇ ਸਮੇਂ ਵਿੱਚ ਸ਼ੁਰੂ ਕੀਤੇ ਜਾਣ ਵਾਲੇ ਵਿਕਾਸ ਕਾਰਜਾਂ ਸਬੰਧੀ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕਰਦਿਆਂ ਵਿਕਾਸ ਦੀ ਨਵੀਂ ਰੂਪ-ਰੇਖਾ ਤਿਆਰ ਕੀਤੀ ਗਈ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਸਰਦਾਰ ਰਣਜੋਧ ਸਿੰਘ ਹਡਾਣਾ ਨੇ ਕਿਹਾ ਕਿ ਮੁੱਖ ਮੰਤਰੀ ਸਰਦਾਰ

ਨੇੜਲੇ ਰਿਸ਼ਤਿਆਂ 'ਚ ਵਿਆਹਾਂ ਸਬੰਧੀ ਸੁਪਰੀਮ ਕੋਰਟ ਦਾ ਕੇਂਦਰ ਨੂੰ ਨੋਟਿਸ

ਚੁੱਕਵਾਂ ਕਾਨੂੰਨ ਲਿਆਉਣ ਜਾਂ ਪਾਠਕ੍ਰਮ ਰਾਹੀਂ ਲੋਕਾਂ ਨੂੰ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ 'ਤੇ ਵਿਚਾਰ ਕਰਨ ਲਈ ਕਿਹਾ

ਨਵੀਂ ਦਿੱਲੀ, 21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਨੇੜਲੇ ਖੂਨ ਦੇ ਰਿਸ਼ਤਿਆਂ ਵਿਚਾਲੇ ਵਿਆਹ ਦੇ ਰੁਝਾਨ ਨੂੰ ਦੇਖਦਿਆਂ ਸੁਪਰੀਮ ਕੋਰਟ ਨੇ ਕੇਂਦਰ ਤੋਂ ਜਵਾਬ ਮੰਗਿਆ ਹੈ। ਇਹ ਕਹਿੰਦਿਆਂ ਕਿ ਉਹ ਸਰਕਾਰ ਨੂੰ ਕੋਈ ਨਿਰਦੇਸ਼ ਨਹੀਂ ਦੇਣਾ ਚਾਹੁੰਦੀ ਸਗੋਂ ਸਿਰਫ਼ ਜਾਗਰੂਕ ਕਰਨਾ ਚਾਹੁੰਦੀ ਹੈ, ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਕੇਂਦਰ ਤੋਂ ਖ਼ੂਨ ਦੇ ਨੇੜਲੇ ਰਿਸ਼ਤਿਆਂ ਵਿੱਚ ਹੋਣ ਵਾਲੇ ਵਿਆਹਾਂ ਬਾਰੇ ਕਾਨੂੰਨ ਲਿਆਉਣ ਦੀ 'ਲੋੜ/ਉਚਿਤਤਾ' 'ਤੇ ਜਵਾਬ ਮੰਗਿਆ ਹੈ।

ਚੀਫ਼ ਜਸਟਿਸ ਸੂਰਿਆ ਕਾਂਤ, ਜਸਟਿਸ ਜੋਇਮਾਲਿਆ ਬਾਗਚੀ ਅਤੇ ਜਸਟਿਸ ਵੀ. ਮੋਹਨਾ ਦੇ ਬੈਂਚ ਨੇ ਇਹ ਵੀ ਨੋਟ ਕੀਤਾ ਕਿ ਅਦਾਲਤ ਅਜਿਹੇ 'ਨੇੜਲੇ ਖ਼ੂਨ ਦੇ ਰਿਸ਼ਤਿਆਂ ਵਾਲੇ ਵਿਆਹਾਂ' ਨੂੰ ਨਿਯਮਤ ਨਹੀਂ ਕਰ ਸਕਦੀ। ਸਿਖਰਲੀ ਅਦਾਲਤ ਨੇ ਕਿਹਾ ਕਿ ਇਹ ਵਿਸ਼ਾ ਪੂਰੀ ਤਰ੍ਹਾਂ ਵਿਧਾਨਪਾਲਿਕਾ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ।

ਇਸ ਮੁੱਦੇ ਨੂੰ ਉਠਾਉਣ ਵਾਲੇ ਪਟੀਸ਼ਨਰ ਦੇ ਵਕੀਲ ਨੇ ਕਿਹਾ ਕਿ ਇਹ ਮਾਮਲਾ ਅੰਤਰ-ਪੀੜ੍ਹੀ ਸਮਾਨਤਾ (inter-generational equity) ਦਾ ਸਵਾਲ ਖੜ੍ਹਾ ਕਰਦਾ ਹੈ ਅਤੇ ਲੋਕਾਂ ਨੂੰ ਵਿਆਪਕ ਪ੍ਰਚਾਰ ਰਾਹੀਂ ਇਸ ਦੇ ਮਾੜੇ ਪ੍ਰਭਾਵਾਂ ਬਾਰੇ ਜਾਣੂ ਕਰਵਾਇਆ ਜਾਣਾ ਚਾਹੀਦਾ ਹੈ।

ਬੈਂਚ ਨੇ ਕਿਹਾ, ਅਸੀਂ ਭਾਰਤ ਸਰਕਾਰ 'ਤੇ ਇਸ ਗੱਲ ਦਾ ਜ਼ੋਰ ਪਾਉਣ ਦੇ ਸੀਮਤ ਉਦੇਸ਼ ਲਈ ਨੋਟਿਸ ਜਾਰੀ ਕਰ ਰਹੇ ਹਾਂ ਕਿ ਉਹ ਇੱਕ ਚੁੱਕਵਾਂ ਕਾਨੂੰਨ ਲਿਆਉਣ ਦੀ ਲੋੜ 'ਤੇ ਵਿਚਾਰ ਕਰੇ, ਜਾਂ ਇੱਕ ਉਚਿਤ ਪਾਠਕ੍ਰਮ ਸਮੇਤ ਵੱਖ-ਵੱਖ ਮਾਧਿਅਮਾਂ ਰਾਹੀਂ ਵਿਆਪਕ ਪ੍ਰਚਾਰ ਯਕੀਨੀ ਬਣਾਏ...

ਬੈਂਚ ਨੇ ਟਿੱਪਣੀ ਕੀਤੀ, ਅਸੀਂ ਭਾਰਤ ਸਰਕਾਰ ਨੂੰ ਚੁੱਕਵੇਂ ਕਾਨੂੰਨ ਦੀ ਲੋੜ 'ਤੇ ਵਿਚਾਰ ਕਰਨ ਲਈ ਪ੍ਰੇਰਿਤ ਕਰਨ ਦੇ ਸੀਮਤ ਉਦੇਸ਼ ਵਾਸਤੇ ਨੋਟਿਸ ਜਾਰੀ ਕਰ ਸਕਦੇ ਹਾਂ। ਅਸੀਂ ਉਨ੍ਹਾਂ ਨੂੰ ਨਿਰਦੇਸ਼ ਨਹੀਂ ਦੇਵਾਂਗੇ। ਅਸੀਂ ਸਿਰਫ਼ ਉਨ੍ਹਾਂ ਨੂੰ ਜਾਗਰੂਕ ਕਰਾਂਗੇ।

ਪਟੀਸ਼ਨਰ ਦੇ ਵਕੀਲ ਨੇ ਕਿਹਾ ਕਿ ਕੁਝ ਸੁਰੱਖਿਆ ਉਪਾਅ ਕੀਤੇ ਜਾਣੇ ਚਾਹੀਦੇ ਹਨ ਕਿਉਂਕਿ ਖ਼ੂਨ ਦੇ ਨੇੜਲੇ ਰਿਸ਼ਤਿਆਂ ਵਿੱਚ ਵਿਆਹਾਂ ਦਾ ਰੁਝਾਨ ਵਧ ਰਿਹਾ ਹੈ।

ਵਿਦੇਸ਼ੀ ਮੁਦਰਾ ਭੰਡਾਰ 14.20 ਅਰਬ ਡਾਲਰ ਘਟ ਕੇ 705.34 ਅਰਬ ਡਾਲਰ 'ਤੇ ਪੁੱਜਾ; ਸਤੰਬਰ ਦੇ ਰਿਕਾਰਡ ਪੱਧਰ ਤੋਂ ਬਾਅਦ ਜਾਰੀ ਹੈ ਗਿਰਾਵਟ ਦਾ ਸਿਲਸਿਲਾ

ਮੁੰਬਈ, 21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਦੇਸ਼ ਦਾ ਵਿਦੇਸ਼ੀ ਮੁਦਰਾ ਭੰਡਾਰ 13 ਨਵੰਬਰ ਨੂੰ ਖ਼ਤਮ ਹੋਏ ਹਫ਼ਤੇ ਦੌਰਾਨ 14.20 ਅਰਬ ਡਾਲਰ ਘਟ ਕੇ 705.34 ਅਰਬ ਡਾਲਰ ਰਹਿ ਗਿਆ ਹੈ। ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਇਸ ਤੋਂ ਪਿਛਲੇ ਹਫ਼ਤੇ ਦੇਸ਼ ਦਾ ਕੁੱਲ ਵਿਦੇਸ਼ੀ ਮੁਦਰਾ ਭੰਡਾਰ 2.49 ਅਰਬ ਡਾਲਰ ਵਧ ਕੇ 719.55 ਅਰਬ ਡਾਲਰ ਹੋ ਗਿਆ ਸੀ।

ਜ਼ਿਕਰਯੋਗ ਹੈ ਕਿ 4 ਸਤੰਬਰ ਨੂੰ ਖ਼ਤਮ ਹੋਏ ਹਫ਼ਤੇ ਦੌਰਾਨ ਦੇਸ਼ ਦਾ ਵਿਦੇਸ਼ੀ ਮੁਦਰਾ ਭੰਡਾਰ 785.71 ਅਰਬ ਡਾਲਰ ਦੇ ਹੁਣ ਤੱਕ ਦੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਿਆ ਸੀ। ਪਰਵਾਸੀ ਭਾਰਤੀਆਂ (ਐੱਨ ਆਰ ਆਈ) ਦੀ ਜਮ੍ਹਾਂ ਰਾਸ਼ੀ 'ਤੇ ਵਿਸ਼ੇਸ਼ ਰਿਆਇਤੀ ਅਦਲਾ-ਬਦਲੀ (ਸਵੈਪ) ਯੋਜਨਾ ਤਹਿਤ ਬੈਂਕਾਂ ਨੂੰ ਰਿਕਾਰਡ 133 ਅਰਬ ਡਾਲਰ ਦੀ ਵਿਦੇਸ਼ੀ ਮੁਦਰਾ ਮਿਲਣ ਕਾਰਨ ਭੰਡਾਰ ਵਿੱਚ ਇਹ ਵੱਡਾ ਉਛਾਲ ਆਇਆ ਸੀ। ਹਾਲਾਂਕਿ, ਉਦੋਂ ਤੋਂ ਹੀ ਇਸ ਵਿੱਚ ਲਗਾਤਾਰ ਗਿਰਾਵਟ ਦਰਜ ਕੀਤੀ ਜਾ ਰਹੀ ਹੈ। ਆਰ ਬੀ ਆਈ ਦੇ ਅੰਕੜਿਆਂ ਅਨੁਸਾਰ, 13 ਨਵੰਬਰ ਨੂੰ ਖ਼ਤਮ ਹੋਏ ਹਫ਼ਤੇ ਵਿੱਚ ਵਿਦੇਸ਼ੀ ਮੁਦਰਾ ਭੰਡਾਰ ਦਾ ਅਹਿਮ ਹਿੱਸਾ ਮੰਨੀਆਂ ਜਾਣ ਵਾਲੀਆਂ ਵਿਦੇਸ਼ੀ ਮੁਦਰਾ ਜਾਇਦਾਦਾਂ (ਐੱਫ ਸੀ ਏ) 7.9 ਅਰਬ ਡਾਲਰ ਘਟ ਕੇ 583.45 ਅਰਬ ਡਾਲਰ ਰਹਿ ਗਈਆਂ। ਡਾਲਰ ਵਿੱਚ ਦਰਸਾਈਆਂ ਜਾਣ ਵਾਲੀਆਂ ਇਨ੍ਹਾਂ ਜਾਇਦਾਦਾਂ ਵਿੱਚ ਵਿਦੇਸ਼ੀ ਭੰਡਾਰ ਵਿੱਚ ਰੱਖੇ ਯੂਰੋ, ਪੌਂਡ ਅਤੇ ਯੇਨ ਵਰਗੀਆਂ ਗੈਰ-ਅਮਰੀਕੀ ਮੁਦਰਾਵਾਂ ਦੀ ਕੀਮਤ ਵਿੱਚ ਹੋਣ ਵਾਲੇ ਉਤਰਾਅ-ਚੜ੍ਹਾਅ ਦਾ ਅਸਰ ਵੀ ਸ਼ਾਮਲ ਹੁੰਦਾ ਹੈ।

ਰਿਜ਼ਰਵ ਬੈਂਕ ਨੇ ਦੱਸਿਆ ਕਿ ਸਮੀਖਿਆ ਅਧੀਨ ਹਫ਼ਤੇ ਦੌਰਾਨ ਸੋਨੇ ਦੇ ਭੰਡਾਰ ਦੀ ਕੀਮਤ 6.18 ਅਰਬ ਡਾਲਰ ਘਟ ਕੇ 98.61 ਅਰਬ ਡਾਲਰ ਰਹਿ ਗਈ। ਕੇਂਦਰੀ ਬੈਂਕ ਮੁਤਾਬਕ, ਵਿਸ਼ੇਸ਼ ਡਰਾਇੰਗ ਅਧਿਕਾਰ (ਐੱਸ ਡੀ ਆਰ) ਵੀ 9.2 ਕਰੋੜ ਡਾਲਰ ਘਟ ਕੇ 18.52 ਅਰਬ ਡਾਲਰ ਰਹਿ ਗਏ। ਇਸ ਤੋਂ ਇਲਾਵਾ, ਕੌਮਾਂਤਰੀ ਮੁਦਰਾ ਫੰਡ (ਆਈ ਐੱਮ ਐੱਫ) ਕੋਲ ਜਮ੍ਹਾਂ ਦੇਸ਼ ਦਾ ਰਾਖਵਾਂ ਭੰਡਾਰ ਵੀ 3.2 ਕਰੋੜ ਡਾਲਰ ਘਟ ਕੇ 4.76 ਅਰਬ ਡਾਲਰ 'ਤੇ ਆ ਗਿਆ।

ਹਾਈ ਕੋਰਟ ਵੱਲੋਂ ਬਨੂੜ ਵਿੱਚ ਏਅਰੋਸਿਟੀ ਵਿਸਥਾਰ ਪ੍ਰਾਜੈਕਟ ਲਈ ਜ਼ਮੀਨ ਪ੍ਰਾਪਤੀ 'ਤੇ ਰੋਕ

ਚੰਡੀਗੜ੍ਹ, 21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਮੁਹਾਲੀ ਜ਼ਿਲ੍ਹੇ ਦੀ ਬਨੂੜ ਤਹਿਸੀਲ ਵਿੱਚ ਏਅਰੋਟ੍ਰੋਪੋਲਿਸ (ਏਅਰੋਸਿਟੀ) ਵਿਸਥਾਰ ਪ੍ਰਾਜੈਕਟ ਲਈ ਜ਼ਮੀਨ ਪ੍ਰਾਪਤ ਕਰਨ ਦੀ ਪ੍ਰਕਿਰਿਆ 'ਤੇ ਅੰਤਰਿਮ ਰੋਕ ਲਗਾ ਦਿੱਤੀ ਹੈ। ਅਦਾਲਤ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਜਵਾਬ ਮੰਗਿਆ ਹੈ ਅਤੇ ਅਗਲੀ ਸੁਣਵਾਈ ਤੱਕ ਸਬੰਧਤ ਜ਼ਮੀਨ ਦਾ ਮੁਆਵਜ਼ਾ ਤੈਅ ਕਰਨ ਸਬੰਧੀ ਐਵਾਰਡ ਪਾਸ ਕਰਨ 'ਤੇ ਰੋਕ ਲਗਾ ਦਿੱਤੀ ਹੈ।

ਜਸਟਿਸ ਜੇ ਐੱਸ ਪੁਰੀ ਅਤੇ ਜਸਟਿਸ ਪਰਵਿੰਦਰ ਚੌਹਾਨ ਦੇ ਡਿਵੀਜ਼ਨ ਬੈਂਚ ਨੇ ਧਰਮਿੰਦਰ ਸਿੰਘ ਅਤੇ ਹੋਰਨਾਂ ਵੱਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਇਹ ਹੁਕਮ ਦਿੱਤੇ। ਇਸ ਸਬੰਧੀ ਵਕੀਲਾਂ ਨੇ 17 ਜ਼ਮੀਨ ਮਾਲਕਾਂ ਦਾ ਪੱਖ ਰੱਖਿਆ ਗਿਆ। ਪਟੀਸ਼ਨਕਰਤਾਵਾਂ ਨੇ ਜ਼ਮੀਨ ਪ੍ਰਾਪਤੀ, ਮੁੜ ਵਸੇਬੇ ਅਤੇ ਉਚਿਤ ਮੁਆਵਜ਼ੇ ਸਬੰਧੀ 2013 ਦੇ ਕਾਨੂੰਨ ਤਹਿਤ ਸ਼ੁਰੂ ਕੀਤੀ ਪ੍ਰਕਿਰਿਆ ਨੂੰ ਚੁਣੌਤੀ ਦਿੱਤੀ ਹੈ।

ਪਟੀਸ਼ਨ ਮੁਤਾਬਕ ਮੁਲਾਂਕਣ ਲਈ 27 ਫਰਵਰੀ 2026 ਨੂੰ ਜਾਰੀ ਕੀਤੇ ਮੁੱਢਲੇ ਨੋਟੀਫਿਕੇਸ਼ਨ ਵਿੱਚ ਪਿੰਡ ਈਸਾ ਖਾਨ ਦਾ ਨਾਂ ਦਰਜ ਕੀਤਾ ਗਿਆ ਸੀ। ਇਸ ਤੋਂ ਬਾਅਦ 28 ਅਪਰੈਲ 2026 ਨੂੰ ਜਾਰੀ ਸ਼ੁੱਧੀ ਪੱਤਰ ਰਾਹੀਂ ਸਪੱਸ਼ਟ ਕੀਤਾ ਗਿਆ ਕਿ ਈਸਾ ਖਾਨ ਕੋਈ ਵੱਖਰਾ ਮਾਲੀਆ ਪਿੰਡ ਨਹੀਂ ਸਗੋਂ ਬਨੂੜ ਪਿੰਡ ਦਾ ਹੀ ਇੱਕ ਇਲਾਕਾ ਹੈ।

ਪਟੀਸ਼ਨਕਰਤਾਵਾਂ ਨੇ ਦੋਸ਼ ਲਾਇਆ ਕਿ 20 ਮਈ 2026 ਨੂੰ ਜਨਤਕ ਸੁਣਵਾਈ ਪਿੰਡ ਬਨੂੜ ਦੀ ਬਜਾਏ ਖਿਜ਼ਰਗੜ੍ਹ ਵਿੱਚ ਕਰਵਾਈ ਗਈ। ਪ੍ਰਭਾਵਿਤ ਜ਼ਮੀਨ ਮਾਲਕਾਂ ਅਤੇ ਵਸਨੀਕਾਂ ਨੂੰ ਇਸ ਬਾਰੇ ਸਹੀ ਢੰਗ ਨਾਲ ਜਾਣਕਾਰੀ ਨਹੀਂ ਦਿੱਤੀ ਗਈ। ਇਸ ਕਾਰਨ ਸੁਣਵਾਈ ਵਿੱਚ ਸਿਰਫ਼ ਸੱਤ ਵਿਅਕਤੀ ਹੀ ਸ਼ਾਮਲ ਹੋ ਸਕੇ, ਜਦੋਂਕਿ ਬਨੂੜ ਦੀ ਆਬਾਦੀ 18,775 ਤੋਂ ਵੱਧ ਹੈ।

ਪਟੀਸ਼ਨ ਵਿੱਚ ਮਾਹਿਰਾਂ ਦੇ ਸਮੂਹ ਦੇ ਗਠਨ ਅਤੇ ਉਸ ਦੀ ਮੀਟਿੰਗ ਦੀ ਕਾਨੂੰਨੀ ਵਾਜਬਤਾ 'ਤੇ ਵੀ ਸਵਾਲ ਚੁੱਕੇ ਗਏ ਹਨ। ਪਟੀਸ਼ਨਕਰਤਾਵਾਂ ਮੁਤਾਬਕ ਬਨੂੜ ਵਿੱਚ 1954 ਤੋਂ ਨਗਰ ਕੌਂਸਲ ਮੌਜੂਦ ਹੈ ਅਤੇ ਇੱਥੇ ਗ੍ਰਾਮ ਪੰਚਾਇਤ ਜਾਂ ਸਰਪੰਚ ਨਹੀਂ ਹੈ। ਇਸ ਦੇ ਬਾਵਜੂਦ ਸਰਕਾਰੀ ਪੱਤਰ ਵਿਹਾਰ ਵਿੱਚ ਗ੍ਰਾਮ ਪੰਚਾਇਤ ਅਤੇ ਸਰਪੰਚ ਦਾ ਜ਼ਿਕਰ ਕੀਤਾ ਗਿਆ। 24 ਜੁਲਾਈ 2026 ਨੂੰ ਮਾਹਿਰਾਂ ਦੇ ਸਮੂਹ ਦੀ ਹੋਈ ਮੀਟਿੰਗ ਵਿੱਚ ਨਗਰ ਕੌਂਸਲ ਦੀ ਨੁਮਾਇੰਦਗੀ ਅਤੇ ਲਾਜ਼ਮੀ ਮੈਂਬਰਾਂ ਦੀ ਹਾਜ਼ਰੀ 'ਤੇ ਵੀ ਇਤਰਾਜ਼ ਜਤਾਇਆ ਗਿਆ।

ਇਹ ਜ਼ਮੀਨ ਕੌਮੀ ਮਾਰਗ-7 'ਤੇ ਰਾਜਪੁਰਾ-ਜ਼ੀਰਕਪੁਰ ਸੜਕ ਕਿਨਾਰੇ ਬਨੂੜ ਦੇ ਮਾਸਟਰ ਪਲਾਨ ਦੇ ਮਿਕਸਡ ਯੂਜ਼ ਖੇਤਰ ਵਿੱਚ ਪੈਂਦੀ ਹੈ। ਪਟੀਸ਼ਨਕਰਤਾਵਾਂ ਨੇ ਦਲੀਲ ਦਿੱਤੀ ਹੈ ਕਿ ਇਸ ਕਾਰਵਾਈ ਨਾਲ ਉਨ੍ਹਾਂ ਦੇ ਜਾਇਦਾਦ ਸਬੰਧੀ ਅਧਿਕਾਰ ਪ੍ਰਭਾਵਿਤ ਹੋ ਰਹੇ ਹਨ।

ਡਿਬਰੂਗੜ੍ਹ ਜੇਲ੍ਹ ਤੋਂ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਦਿੱਲੀ ਲਿਆਂਦੇ ਗਏ ਅੰਮ੍ਰਿਤਪਾਲ ਸਿੰਘ



ਚੰਡੀਗੜ੍ਹ, 21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅਤੇ 'ਅਕਾਲੀ ਦਲ ਵਾਰਿਸ ਪੰਜਾਬ ਦੇ' ਮੁਖੀ ਭਾਈ ਅੰਮ੍ਰਿਤਪਾਲ ਸਿੰਘ ਨੂੰ ਆਪਣੀ ਦਾਦੀ ਮਾਤਾ ਚਰਨ ਕੌਰ ਦੇ ਅੰਤਿਮ ਸੰਸਕਾਰ ਵਿਚ ਸ਼ਾਮਲ ਹੋਣ ਲਈ ਅਸਾਮ ਦੀ ਡਿਬਰੂਗੜ੍ਹ ਕੇਂਦਰੀ ਜੇਲ੍ਹ ਤੋਂ ਪੰਜਾਬ ਲਿਆਂਦਾ ਜਾ ਰਿਹਾ ਹੈ। ਅਦਾਲਤ ਵਲੋਂ ਮਨੁੱਖੀ ਆਧਾਰ 'ਤੇ ਦਿੱਤੀ ਗਈ ਤਿੰਨ ਘੰਟਿਆਂ ਦੀ ਹਿਰਾਸਤੀ ਪੈਰੋਲ ਤਹਿਤ ਉਹ 21 ਨਵੰਬਰ ਨੂੰ ਆਪਣੇ ਜੱਦੀ ਪਿੰਡ ਜੱਲੂਪੁਰ ਖੇੜਾ ਵਿਖੇ ਅੰਤਿਮ ਸੰਸਕਾਰ ਦੀਆਂ ਰਸਮਾਂ ਵਿਚ ਸ਼ਾਮਲ ਹੋਣਗੇ।

ਪ੍ਰਾਪਤ ਜਾਣਕਾਰੀ ਅਨੁਸਾਰ ਅੰਮ੍ਰਿਤਪਾਲ ਸਿੰਘ ਨੂੰ ਡਿਬਰੂਗੜ੍ਹ ਜੇਲ੍ਹ ਤੋਂ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਸੱਤ ਵਾਹਨਾਂ ਦੇ ਕਾਫ਼ਲੇ ਰਾਹੀਂ ਹਵਾਈ ਅੱਡੇ ਪਹੁੰਚਾਇਆ ਗਿਆ। ਇਹ ਹਵਾਈ ਅੱਡਾ ਜੇਲ੍ਹ ਤੋਂ ਕਰੀਬ 15 ਕਿਲੋਮੀਟਰ ਦੂਰ ਸਥਿਤ ਹੈ। ਉੱਥੋਂ ਉਨ੍ਹਾਂ ਨੂੰ ਹਵਾਈ ਜਹਾਜ਼ ਰਾਹੀਂ ਦਿੱਲੀ ਲਿਆਂਦਾ ਗਿਆ, ਜਿੱਥੋਂ ਅਗਲੇ ਪੜਾਅ ਵਿਚ ਪੰਜਾਬ ਲਿਆਂਦਾ ਜਾਵੇਗਾ।

ਅੰਮ੍ਰਿਤਪਾਲ ਸਿੰਘ ਦੇ ਵਕੀਲ ਜਸਬੀਰ ਕੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਨੂੰ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਦਿੱਲੀ ਲਿਆਂਦਾ ਗਿਆ ਹੈ।

ਨਸ਼ੇ 'ਚ ਧੁੱਤ ਪੁਲੀਸ ਮੁਲਾਜ਼ਮ ਨੇ 12 ਸਾਲਾ ਬੱਚੀ ਨੂੰ ਕਾਰ ਨਾਲ ਮਾਰੀ ਟੱਕਰ

ਅੰਮ੍ਰਿਤਸਰ, 21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਰਾਬ ਦੇ ਨਸ਼ੇ ਵਿੱਚ ਧੁੱਤ ਇੱਕ ਪੁਲੀਸ ਕਾਂਸਟੇਬਲ ਨੇ ਆਪਣੀ ਕਾਰ ਨਾਲ 12 ਸਾਲਾ ਬੱਚੀ ਨੂੰ ਟੱਕਰ ਮਾਰ ਦਿੱਤੀ। ਹਾਦਸੇ ਵਿੱਚ ਬੱਚੀ ਦੀ ਲੱਤ 'ਤੇ ਗੰਭੀਰ ਸੱਟਾਂ ਲੱਗੀਆਂ ਹਨ ਅਤੇ ਉਸ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ, ਜਿੱਥੇ ਉਸ ਦੀ ਲੱਤ ਟੁੱਟਣ (ਫਰੈਕਚਰ ਹੋਣ) ਦੀ ਪੁਸ਼ਟੀ ਹੋਈ ਹੈ। ਇਹ ਘਟਨਾ ਬੀਤੇ ਦਿਨ ਸੁਲਤਾਨਵਿੰਡ ਰੋਡ 'ਤੇ ਵਾਪਰੀ।

ਹਾਦਸੇ ਤੋਂ ਬਾਅਦ ਰਾਹਗੀਰਾਂ ਨੇ ਮੁਲਜ਼ਮ ਕਾਂਸਟੇਬਲ ਨੂੰ ਮੌਕੇ 'ਤੇ ਹੀ ਕਾਬੂ ਕਰ ਲਿਆ। ਮੁਲਜ਼ਮ ਨੇ ਪੁਲੀਸ ਦੀ ਵਰਦੀ ਪਾਈ ਹੋਈ ਸੀ ਅਤੇ ਉਹ ਇੰਨਾ ਜ਼ਿਆਦਾ ਸ਼ਰਾਬ ਦੇ ਨਸ਼ੇ ਵਿੱਚ ਸੀ ਕਿ ਠੀਕ ਤਰ੍ਹਾਂ ਖੜ੍ਹਾ ਵੀ ਨਹੀਂ ਹੋ ਪਾ ਰਿਹਾ ਸੀ। ਕਾਰ ਦੀ ਤਲਾਸ਼ੀ ਲੈਣ 'ਤੇ ਉਸ ਵਿੱਚੋਂ ਸ਼ਰਾਬ ਦੀ ਇੱਕ ਬੋਤਲ, ਬੀੜੀਆਂ ਅਤੇ ਸਿਗਰਟਾਂ ਬਰਾਮਦ ਹੋਈਆਂ। ਲੋਕਾਂ ਨੇ ਮੁਲਾਜ਼ਮ ਅਤੇ ਉਸ ਦੀ ਕਾਰ ਦੀ ਵੀਡੀਓ ਵੀ ਬਣਾ ਲਈ। ਇਸ ਤੋਂ ਬਾਅਦ ਉਨ੍ਹਾਂ ਨੇ ਮੁਲਜ਼ਮ ਨੂੰ ਕਾਰ ਸਮੇਤ ਥਾਣਾ ਸੁਲਤਾਨਵਿੰਡ ਦੀ ਪੁਲੀਸ ਹਵਾਲੇ ਕਰ ਦਿੱਤਾ। ਲੋਕਾਂ ਨੇ ਮੰਗ ਕੀਤੀ ਕਿ ਮੁਲਜ਼ਮ ਦਾ ਮੈਡੀਕਲ ਕਰਵਾਇਆ ਜਾਵੇ ਅਤੇ ਉਸ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਜ਼ਖ਼ਮੀ ਬੱਚੀ ਦੀ ਮਾਤਾ ਪ੍ਰੀਤੀ ਨੇ ਦੱਸਿਆ ਕਿ ਉਨ੍ਹਾਂ ਦਾ ਗਰੀਬ ਪਰਿਵਾਰ ਹੈ ਅਤੇ ਇਹ ਹਾਦਸਾ ਉਦੋਂ ਵਾਪਰਿਆ ਜਦੋਂ ਉਸ ਦੀ 12 ਸਾਲਾ ਧੀ ਸਕੂਲੋਂ ਘਰ ਪਰਤ ਰਹੀ ਸੀ। ਬੱਚੀ ਦੇ ਮੁਕੰਮਲ ਇਲਾਜ ਦੀ ਮੰਗ ਕਰਦਿਆਂ ਪ੍ਰੀਤੀ ਨੇ ਦੋਸ਼ ਲਾਇਆ ਕਿ ਕਾਂਸਟੇਬਲ ਨੇ ਬਹੁਤ ਜ਼ਿਆਦਾ ਸ਼ਰਾਬ ਪੀਤੀ ਹੋਈ ਸੀ ਅਤੇ ਉਸ ਦਾ ਆਪਣੀ ਕਾਰ 'ਤੇ ਕੋਈ ਕਾਬੂ ਨਹੀਂ ਸੀ, ਜਿਸ ਕਾਰਨ ਉਸ ਨੇ ਬੱਚੀ ਨੂੰ ਟੱਕਰ ਮਾਰ ਦਿੱਤੀ।

ਡੇਰਾ ਬਾਬਾ ਨਾਨਕ ਪੁਲਿਸ ਤੇ ਬੀ.ਐਸ.ਐਫ. ਵਲੋਂ ਪਾਕਿਸਤਾਨੀ ਡਰੋਨ ਕਾਬੂ

ਡੇਰਾ ਬਾਬਾ ਨਾਨਕ, 21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਡੇਰਾ ਬਾਬਾ ਨਾਨਕ ਪੁਲਿਸ ਤੇ ਬੀ.ਐਸ.ਐਫ. ਦੀ 200 ਬਟਾਲੀਅਨ ਦੇ ਜਵਾਨਾਂ ਨੇ ਅੱਜ ਐਂਟੀਡਰੋਨ ਸਿਸਟਮ ਦੀ ਮਦਦ ਨਾਲ ਇਕ ਪਾਕਿਸਤਾਨੀ ਡਰੋਨ ਨੂੰ ਕਾਬੂ ਕਰਨ ਵਿਚ ਵੱਡੀ ਸਫਲਤਾ ਹਾਸਲ ਕੀਤੀ ਹੈ।

ਇਸ ਸੰਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਏ.ਐਸ.ਆਈ. ਸੁਖਦੇਵ ਸਿੰਘ ਚੌਕੀ ਇੰਚਾਰਜ ਧਰਮਕੋਟ ਰੰਧਾਵਾ ਨੇ ਦੱਸਿਆ ਕਿ ਭਾਵੇਂ ਇਸ ਡਰੋਨ ਨਾਲ ਕੋਈ ਵੀ ਨਸ਼ੀਲੀ ਜਾ ਸ਼ੱਕੀ ਵਸਤੂ ਬਰਾਮਦ ਨਹੀਂ ਹੋਈ ਪਰ ਫਿਰ ਵੀ ਬੀ.ਐਸ.ਐਫ. ਅਤੇ ਪੁਲਿਸ ਵਲੋਂ ਇਲਾਕੇ ਅੰਦਰ ਤਲਾਸ਼ੀ ਅਭਿਆਨ ਸ਼ੁਰੂ ਕਰ ਦਿੱਤਾ ਗਿਆ ਹੈ।

ਹਰਜਿੰਦਰ ਸਿੰਘ ਧਾਮੀ ਛੇਵੀਂ ਵਾਰ ਬਣੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ

ਅੰਮ੍ਰਿਤਸਰ, 21 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੱਜ ਜਨਰਲ ਇਜਲਾਸ ਵਿੱਚ ਮੁੜ ਸਰਬਸੰਮਤੀ ਨਾਲ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਛੇਵੀਂ ਵਾਰ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਚੁਣਿਆ ਗਿਆ।

ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਆਦਰਸ਼ ਅਤੇ ਕੁਰਬਾਨੀ ਸਾਨੂੰ ਦੇਸ਼ ਦੀ ਸੇਵਾ ਲਈ ਪ੍ਰੇਰਿਤ ਕਰਦੇ ਹਨ: ਮੁੱਖ ਮੰਤਰੀ ਭਗਵੰਤ ਸਿੰਘ ਮਾਨ

➢ ਸਾਡੀ ਸਰਕਾਰ ਸ਼ਹੀਦਾਂ ਦਾ ਸਨਮਾਨ ਕਰਨ ਅਤੇ ਉਨ੍ਹਾਂ ਦੇ ਸੁਪਨਿਆਂ ਦਾ ਪੰਜਾਬ ਬਣਾਉਣ ਲਈ ਵਚਨਬੱਧ ਹੈ ➢ ਪੰਜਾਬ ਨੂੰ ਨਸ਼ਿਆਂ, ਬੇਰੁਜ਼ਗਾਰੀ ਅਤੇ ਬੇਇਨਸਾਫੀ ਤੋਂ ਮੁਕਤ ਕਰਵਾਉਣਾ ਹੀ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ: ➢ ਸਰਕਾਰ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਉਹਨਾਂ ਦੇ ਸ਼ਹੀਦੀ ਦਿਹਾੜੇ 'ਤੇ ਛੁੱਟੀ ਦਾ ਐਲਾਨ ਕਰਕੇ ਸਨਮਾਨਿਤ ਕੀਤਾ ➢ ਜੇ ਅਸੀਂ ਆਪਣੇ ਸ਼ਹੀਦਾਂ ਦੇ ਨਕਸ਼ੇ-ਕਦਮਾਂ 'ਤੇ ਥੋੜ੍ਹਾ ਜਿਹਾ ਵੀ ਚੱਲੀਏ, ਤਾਂ ਸਾਡਾ ਰਾਸ਼ਟਰ ਅਤੇ ਸਾਡਾ ਜੀਵਨ ਦੋਵੇਂ ਸੁਧਰ ਜਾਣਗੇ



ਸਰਾਭਾ (ਲੁਧਿਆਣਾ), 21 ਨਵੰਬਰ
-ਸ਼ਹੀਦ-ਏ-ਆਜ਼ਮ-ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਉਨ੍ਹਾਂ ਦੇ ਜੱਦੀ ਪਿੰਡ ਵਿਖੇ ਉਨ੍ਹਾਂ ਦੇ 111ਵੇਂ 'ਸ਼ਹੀਦੀ ਦਿਵਸ' (ਸ਼ਹੀਦੀ ਵਰ੍ਹੇ ਗੰਢ) 'ਤੇ ਦਿਲੋਂ ਸ਼ਰਧਾਂਜਲੀ ਭੇਟ ਕੀਤੀ, ਇਹ ਜ਼ੋਰ ਦੇ ਕੇ ਕਿਹਾ ਕਿ ਦੇਸ਼ ਦੀ ਆਜ਼ਾਦੀ ਲਈ ਫਾਂਸੀ ਦੇ ਰੱਸੇ ਨੂੰ ਗਲੇ ਲਗਾਉਣ ਵਾਲੇ 19 ਸਾਲਾ ਕ੍ਰਾਂਤੀਕਾਰੀ ਨੂੰ ਸਭ ਤੋਂ ਵੱਡੀ ਸ਼ਰਧਾਂਜਲੀ ਨਸ਼ਿਆਂ, ਬੇਰੁਜ਼ਗਾਰੀ ਅਤੇ ਬੇਇਨਸਾਫ਼ੀ ਤੋਂ ਮੁਕਤ ਪੰਜਾਬ ਦੇ ਉਨ੍ਹਾਂ ਦੇ ਸੁਪਨੇ ਨੂੰ ਪੂਰਾ ਕਰਨਾ ਹੈ। ਸ਼ਹੀਦਾਂ ਦਾ ਸਨਮਾਨ ਕਰਨ ਅਤੇ ਨੌਜਵਾਨ ਪੀੜ੍ਹੀ ਨੂੰ ਪੰਜਾਬ ਦੇ ਸ਼ਾਨਦਾਰ ਵਿਰਸੇ ਨਾਲ ਜੋੜਨ ਲਈ ਆਪਣੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ, ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਉਨ੍ਹਾਂ ਦੁਆਰਾ ਕਲਪਨਾ ਕੀਤੇ ਗਏ ਪ੍ਰਗਤੀਸ਼ੀਲ ਪੰਜਾਬ ਦੇ ਨਿਰਮਾਣ ਲਈ ਕੰਮ ਕਰ ਰਹੀ ਹੈ।

ਇਸ ਮੌਕੇ 'ਤੇ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਿੰਡ ਨੂੰ ਇੱਕ ਨਵਾਂ ਆਮ ਆਦਮੀ ਕਲੀਨਿਕ ਸਮਰਪਿਤ ਕੀਤਾ ਅਤੇ ਪਿੰਡ ਦੇ ਸਪੋਰਟਸ ਕਲੱਬ ਨੂੰ 51 ਲੱਖ ਰੁਪਏ ਦੀ ਗ੍ਰਾਂਟ ਸੌਂਪੀ, ਲੋਕਾਂ ਨੂੰ ਸ਼ਹੀਦਾਂ ਦੇ ਸੁਪਨਿਆਂ ਦਾ 'ਰੰਗਲਾ ਪੰਜਾਬ' ਬਣਾਉਣ ਲਈ ਸਮੂਹਿਕ ਤੌਰ 'ਤੇ ਸੱਦਾ ਦਿੱਤਾ। ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸ਼ਹੀਦ ਕਰਤਾਰ ਸਿੰਘ ਸਰਾਭਾ ਨੇ ਸਿਰਫ਼ 19 ਸਾਲ ਦੀ ਛੋਟੀ ਉਮਰ ਵਿੱਚ ਫਾਂਸੀ ਦੇ ਤਖ਼ਤੇ ਨੂੰ ਗਲੇ ਲਗਾ ਲਿਆ, ਇਹ ਸਾਬਤ ਕਰ ਦਿੱਤਾ ਕਿ ਹਿੰਮਤ, ਦ੍ਰਿੜਤਾ ਅਤੇ ਮਾਤ ਭੂਮੀ ਪ੍ਰਤੀ ਪਿਆਰ ਦੀ ਕੋਈ ਉਮਰ ਨਹੀਂ ਹੁੰਦੀ। ਇੱਕ ਸਮੇਂ ਜਦੋਂ ਅੱਜ ਦੇ ਨੌਜਵਾਨ ਆਪਣੇ ਭਵਿੱਖ ਦੀ ਯੋਜਨਾ ਬਣਾ ਰਹੇ ਹਨ, ਇਹ ਮਹਾਨ ਇਨਕਲਾਬੀ ਦੇਸ਼ ਦੀ ਆਜ਼ਾਦੀ ਦੀ ਯੋਜਨਾ ਬਣਾ ਰਿਹਾ ਸੀ। ਉਸਨੇ ਆਪਣੀ ਜਵਾਨੀ, ਸੁਪਨੇ ਅਤੇ ਅੰਤ ਵਿੱਚ ਆਪਣੀ ਜਾਨ ਸਾਡੀ ਆਜ਼ਾਦੀ ਲਈ ਕੁਰਬਾਨ ਕਰ ਦਿੱਤੀ। ਅਸੀਂ ਅਜਿਹੇ ਸ਼ਹੀਦਾਂ ਦਾ ਕਰਜ਼ਾ ਕਦੇ ਨਹੀਂ ਮੋੜ ਸਕਦੇ, ਪਰ ਅਸੀਂ ਪੰਜਾਬ ਅਤੇ ਦੇਸ਼ ਦੀ ਤਰੱਕੀ ਲਈ ਆਪਣੇ ਆਪ ਨੂੰ ਸਮਰਪਿਤ ਕਰਕੇ ਉਨ੍ਹਾਂ ਦਾ ਸਨਮਾਨ ਜ਼ਰੂਰ ਕਰ ਸਕਦੇ ਹਾਂ।

ਮੁੱਖ ਮੰਤਰੀ ਨੇ ਕਿਹਾ, ਸ਼ਹੀਦੀ ਦਿਵਸ ਆਮ ਰਸਮੀ ਮੌਕੇ ਨਹੀਂ ਹਨ ਸਗੋਂ ਹਰ ਪੀੜ੍ਹੀ ਵੱਲੋਂ ਦੇਸ਼ ਪ੍ਰਤੀ ਨਿਭਾਈਆਂ ਜ਼ਿੰਮੇਵਾਰੀਆਂ ਦੀ ਸ਼ਕਤੀਸ਼ਾਲੀ ਯਾਦ ਦਿਵਾਉਂਦੇ ਹਨ। ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਮਹਾਨ ਕੁਰਬਾਨੀ ਪੀੜ੍ਹੀਆਂ ਲਈ ਹਮੇਸ਼ਾ ਪ੍ਰੇਰਨਾ ਦਾ ਸਦੀਵੀ ਸਰੋਤ ਰਹੇਗੀ। ਉਨ੍ਹਾਂ ਨੂੰ ਅਸਲ ਸ਼ਰਧਾਂਜਲੀ ਨਿਆਂ, ਸਮਾਨਤਾ, ਮਨੁੱਖਤਾ ਅਤੇ ਤਰੱਕੀ 'ਤੇ ਅਧਾਰਤ ਸਮਾਜ ਦੀ ਉਸਾਰੀ ਕਰਨਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਗਰਮੀ ਦੇ ਬਾਵਜੂਦ ਲੋਕਾਂ, ਖਾਸ ਕਰਕੇ ਮਾਵਾਂ ਅਤੇ ਭੈਣਾਂ ਦੀ ਭਾਰੀ ਸ਼ਮੂਲੀਅਤ, ਮਹਾਨ ਇਨਕਲਾਬੀ ਪ੍ਰਤੀ ਉਨ੍ਹਾਂ ਦੇ ਡੂੰਘੇ ਪਿਆਰ ਅਤੇ ਸਤਿਕਾਰ ਨੂੰ ਦਰਸਾਉਂਦੀ ਹੈ।

ਆਪਣੀ ਪ੍ਰੇਰਨਾਦਾਇਕ ਯਾਤਰਾ ਨੂੰ ਯਾਦ ਕਰਦਿਆਂ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬ ਵਿੱਚ ਆਪਣੀ ਮੁੱਢਲੀ ਸਿੱਖਿਆ ਪੂਰੀ ਕਰਨ ਤੋਂ ਬਾਅਦ, ਸ਼ਹੀਦ ਕਰਤਾਰ ਸਿੰਘ ਸਰਾਭਾ ਨੇ ਅਮਰੀਕਾ ਦੀ ਯਾਤਰਾ ਕੀਤੀ ਅਤੇ ਕੈਲੀਫੋਰਨੀਆ ਯੂਨੀਵਰਸਿਟੀ, ਬਰਕਲੇ ਤੋਂ ਪੜ੍ਹਾਈ ਕੀਤੀ। ਹਾਲਾਂਕਿ, ਨਿੱਜੀ ਸੁੱਖ-ਸਹੂਲਤਾਂ ਅਤੇ ਸੁਰੱਖਿਅਤ ਭਵਿੱਖ ਦੀ ਭਾਲ ਕਰਨ ਦੀ ਬਜਾਏ, ਉਸਨੇ ਲਾਲਾ ਹਰਦਿਆਲ, ਬਾਬਾ ਜਵਾਲਾ ਸਿੰਘ, ਬਾਬਾ ਵਸਾਖਾ ਸਿੰਘ ਅਤੇ ਬਾਬਾ ਸੋਹਣ ਸਿੰਘ ਭਕਨਾ ਵਰਗੇ ਇਨਕਲਾਬੀ ਦੇਸ਼ ਭਗਤਾਂ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਆਪਣੇ ਆਪ ਨੂੰ ਆਜ਼ਾਦੀ ਸੰਘਰਸ਼ ਲਈ ਸਮਰਪਿਤ ਕਰ ਦਿੱਤਾ।

ਉਨ੍ਹਾਂ ਅੱਗੇ ਕਿਹਾ, 16 ਨਵੰਬਰ, 1915 ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿੱਚ ਛੇ ਹੋਰ ਕ੍ਰਾਂਤੀਕਾਰੀਆਂ ਦੇ ਨਾਲ ਲਾਹੌਰ ਸੈਂਟਰਲ ਜੇਲ੍ਹ ਵਿੱਚ ਫਾਂਸੀ ਦੇ ਦਿੱਤੀ ਗਈ ਸੀ। ਦੇਸ਼ ਦੀ ਆਜ਼ਾਦੀ ਪ੍ਰਤੀ ਉਨ੍ਹਾਂ ਦੀ ਨਿਡਰ ਵਚਨਬੱਧਤਾ ਦੇਸ਼ ਭਗਤੀ ਅਤੇ ਨਿਰਸਵਾਰਥਤਾ ਦੀ ਇੱਕ ਚਮਕਦਾਰ ਉਦਾਹਰਣ ਹੈ। ਦੇਸ਼ ਦੀ ਸੇਵਾ ਕਰਨ ਲਈ ਸਿਰਫ਼ ਵੱਡੇ ਭਾਸ਼ਣਾਂ ਦੀ ਨਹੀਂ, ਸਗੋਂ ਹਿੰਮਤ, ਕੁਰਬਾਨੀ ਅਤੇ ਅਟੱਲ ਦ੍ਰਿੜ ਇਰਾਦੇ ਦੀ ਲੋੜ ਹੁੰਦੀ ਹੈ।

ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ ਪ੍ਰਤੀ ਡੂੰਘੀ ਪ੍ਰਸ਼ੰਸਾ ਨੂੰ ਯਾਦ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਆਪਣੀ ਫੋਟੋ ਆਪਣੀ ਜੇਬ ਵਿੱਚ ਰੱਖਦੇ ਸਨ, ਜਿਸਦੇ ਨਾਲ ਇਹ ਸਤਰਾਂ ਲਿਖੀਆਂ ਹੁੰਦੀਆਂ ਸਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸ਼ਕਤੀਸ਼ਾਲੀ ਸ਼ਾਸਕ ਅਤੇ ਸਾਮਰਾਜ ਅੰਤ ਵਿੱਚ ਇਤਿਹਾਸ ਦੇ ਪੰਨਿਆਂ ਵਿੱਚ ਅਲੋਪ ਹੋ ਜਾਂਦੇ ਹਨ, ਪਰ ਧਾਰਮਿਕਤਾ ਅਤੇ ਮਨੁੱਖਤਾ ਲਈ ਸਭ ਕੁਝ ਕੁਰਬਾਨ ਕਰਨ ਵਾਲੇ ਲੋਕ ਹਮੇਸ਼ਾ ਲੋਕਾਂ ਦੇ ਦਿਲਾਂ ਵਿੱਚ ਜਿਉਂਦੇ ਰਹਿੰਦੇ ਹਨ। ਸਾਡੀ ਸਰਕਾਰ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸ਼ਹੀਦੀ ਵਰ੍ਹੇਗੰਢ 'ਤੇ ਛੁੱਟੀ ਦਾ ਐਲਾਨ ਕੀਤਾ ਹੈ ਤਾਂ ਜੋ ਬੱਚੇ, ਵਿਦਿਆਰਥੀ ਅਤੇ ਜੀਵਨ ਦੇ ਹਰ ਖੇਤਰ ਦੇ ਲੋਕ ਧਰਤੀ ਦੇ ਇਸ ਮਹਾਨ ਪੁੱਤਰ ਬਾਰੇ ਜਾਣ ਸਕਣ ਅਤੇ ਉਨ੍ਹਾਂ ਨੂੰ ਸ਼ਰਧਾਂਜਲੀ ਦੇ ਸਕਣ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦਾ ਗੌਰਵਮਈ ਇਤਿਹਾਸ ਹਿੰਮਤ, ਕੁਰਬਾਨੀ, ਮਨੁੱਖਤਾ ਅਤੇ ਧਾਰਮਿਕ ਆਜ਼ਾਦੀ ਦੀਆਂ ਅਸਾਧਾਰਨ ਉਦਾਹਰਣਾਂ ਨਾਲ ਭਰਿਆ ਹੋਇਆ ਹੈ ਅਤੇ ਇਹ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਇਹ ਯਕੀਨੀ ਬਣਾਏ ਕਿ ਇਹ ਬਹਾਦਰੀ ਭਰੇ ਕੰਮ ਹਰ ਬੱਚੇ ਤੱਕ ਪਹੁੰਚਣ।

ਉਨ੍ਹਾਂ ਕਿਹਾ, ਮਾਲੇਰਕੋਟਲਾ ਦੇ ਨਵਾਬ, ਜਿਨ੍ਹਾਂ ਨੇ ਛੋਟੇ ਸਾਹਿਬਜ਼ਾਦਿਆਂ ਦੇ ਸਮਰਥਨ ਵਿੱਚ 'ਹਾ ਦਾ ਨਾਰਾ' ਖੜ੍ਹਾ ਕੀਤਾ ਸੀ, ਦੇ ਯੋਗਦਾਨ ਨੂੰ ਸਤਿਕਾਰ ਨਾਲ ਯਾਦ ਕੀਤਾ ਜਾਣਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਨੌਵੇਂ ਸਿੱਖ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਮਨੁੱਖਤਾ ਲਈ ਜੀਵਨ ਅਤੇ ਸਰਵਉੱਚ ਕੁਰਬਾਨੀ ਬਾਰੇ ਵੀ ਸਿੱਖਿਅਤ ਕੀਤਾ ਜਾਣਾ ਚਾਹੀਦਾ ਹੈ। ਪੰਜਾਬ ਦਾ ਇਤਿਹਾਸ ਸਿਰਫ਼ ਭੂਤਕਾਲ ਦਾ ਰਿਕਾਰਡ ਨਹੀਂ ਹੈ, ਸਗੋਂ ਇੱਕ ਅਨਮੋਲ ਵਿਰਾਸਤ ਹੈ ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਅਨਿਆਂ, ਜ਼ੁਲਮ ਅਤੇ ਵਿਤਕਰੇ ਵਿਰੁੱਧ ਖੜ੍ਹੇ ਹੋਣਾ ਸਿਖਾਉਂਦੀ ਹੈ।

ਇਸ ਮੌਕੇ ਮੁੱਖ ਮੰਤਰੀ ਨੇ ਪਿੰਡ ਸਰਾਭਾ ਵਿੱਚ ਇੱਕ ਨਵਾਂ ਬਣਿਆ ਆਮ ਆਦਮੀ ਕਲੀਨਿਕ ਲੋਕਾਂ ਨੂੰ ਸਮਰਪਿਤ ਕੀਤਾ। 40 ਲੱਖ ਰੁਪਏ ਦੀ ਲਾਗਤ ਨਾਲ ਬਣਿਆ ਇਹ ਕਲੀਨਿਕ ਮੁਫ਼ਤ ਡਾਕਟਰੀ ਸਲਾਹ-ਮਸ਼ਵਰਾ, ਯੋਗ ਡਾਕਟਰਾਂ ਦੁਆਰਾ ਇਲਾਜ, ਜ਼ਰੂਰੀ ਦਵਾਈਆਂ, ਪ੍ਰਯੋਗਸ਼ਾਲਾ ਟੈਸਟ, ਬਿਮਾਰੀਆਂ ਦੀ ਜਾਂਚ ਅਤੇ ਵਿਸ਼ੇਸ਼ ਇਲਾਜ ਲਈ ਰੈਫਰਲ ਪ੍ਰਦਾਨ ਕਰੇਗਾ।

ਉਨ੍ਹਾਂ ਕਿਹਾ, ਸਾਡੀ ਸਰਕਾਰ ਜਨਤਕ ਸਿਹਤ ਸੰਭਾਲ ਪ੍ਰਣਾਲੀ ਨੂੰ ਲਗਾਤਾਰ ਮਜ਼ਬੂਤ ਕਰ ਰਹੀ ਹੈ ਤਾਂ ਜੋ ਗਰੀਬ ਅਤੇ ਆਮ ਪਰਿਵਾਰਾਂ ਨੂੰ ਮੁੱਢਲੇ ਡਾਕਟਰੀ ਖਰਚਿਆਂ ਨੂੰ ਪੂਰਾ ਕਰਨ ਲਈ ਆਪਣਾ ਸਮਾਨ ਵੇਚਣਾ ਜਾਂ ਪੈਸੇ ਉਧਾਰ ਨਾ ਲੈਣੇ ਪੈਣ। ਪਰਿਵਾਰਾਂ 'ਤੇ ਬਿਨਾਂ ਕਿਸੇ ਵਿੱਤੀ ਬੋਝ ਦੇ ਪਹੁੰਚਯੋਗ ਅਤੇ ਗੁਣਵੱਤਾ ਵਾਲੀ ਸਿਹਤ ਸੰਭਾਲ ਪ੍ਰਦਾਨ ਕਰਨਾ ਸਾਡੀ ਸਰਕਾਰ ਦੀ ਇੱਕ ਮੁੱਖ ਵਚਨਬੱਧਤਾ ਹੈ।

ਮੁੱਖ ਮੰਤਰੀ ਨੇ ਦੱਸਿਆ ਕਿ ਲੁਧਿਆਣਾ ਜ਼ਿਲ੍ਹੇ ਵਿੱਚ 187 ਆਮ ਆਦਮੀ ਕਲੀਨਿਕ ਪਹਿਲਾਂ ਹੀ ਕਾਰਜਸ਼ੀਲ ਹਨ, ਜਦੋਂ ਕਿ 27 ਹੋਰ ਨਿਰਮਾਣ ਅਧੀਨ ਹਨ ਅਤੇ ਜਲਦੀ ਹੀ ਪੂਰੇ ਹੋ ਜਾਣਗੇ।

ਨੌਜਵਾਨਾਂ ਨੂੰ ਇੱਕ ਨਿਰਪੱਖ ਭਵਿੱਖ ਪ੍ਰਦਾਨ ਕਰਨ ਲਈ ਸਰਕਾਰ ਦੀ ਵਚਨਬੱਧਤਾ ਨੂੰ ਉਜਾਗਰ ਕਰਦੇ ਹੋਏ, ਉਨ੍ਹਾਂ ਕਿਹਾ, ਸਾਡੀ ਸਰਕਾਰ ਨੇ ਸਿਫ਼ਾਰਸ਼ਾਂ, ਪੱਖਪਾਤ ਜਾਂ ਭ੍ਰਿਸ਼ਟਾਚਾਰ ਤੋਂ ਬਿਨਾਂ, ਸਿਰਫ਼ ਯੋਗਤਾ ਦੇ ਆਧਾਰ 'ਤੇ 71,777 ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਹਨ। ਅਸੀਂ ਪੁਰਾਣੀ ਪ੍ਰਣਾਲੀ ਦੀ ਕਮਰ ਤੋੜ ਦਿੱਤੀ ਹੈ ਜਿਸ ਵਿੱਚ ਨੌਜਵਾਨਾਂ ਨੂੰ ਸਰਕਾਰੀ ਨੌਕਰੀ ਪ੍ਰਾਪਤ ਕਰਨ ਲਈ ਪ੍ਰਭਾਵ, ਸਿਫਾਰਸ਼ਾਂ ਜਾਂ ਪੈਸੇ ਦੀ ਲੋੜ ਹੁੰਦੀ ਸੀ। ਅੱਜ, ਪ੍ਰਤਿਭਾ ਅਤੇ ਯੋਗਤਾ ਹੀ ਇੱਕੋ ਇੱਕ ਮਾਪਦੰਡ ਹਨ। ਅਸੀਂ ਚਾਹੁੰਦੇ ਹਾਂ ਕਿ ਸਾਡੇ ਬੱਚੇ ਸਖ਼ਤ ਪੜ੍ਹਾਈ ਕਰਨ, ਇਮਾਨਦਾਰੀ ਨਾਲ ਕੰਮ ਕਰਨ ਅਤੇ ਵੱਡੇ ਸੁਪਨੇ ਦੇਖਣ।

ਉਨ੍ਹਾਂ ਅੱਗੇ ਕਿਹਾ, ਹਰੇਕ ਯੋਗ ਅਤੇ ਯੋਗ ਨੌਜਵਾਨ ਨੂੰ ਪ੍ਰਭਾਵਸ਼ਾਲੀ ਲੋਕਾਂ ਦੇ ਦਰਵਾਜ਼ੇ ਖੜਕਾਉਣ ਤੋਂ ਬਿਨਾਂ ਪੂਰੀ ਤਰ੍ਹਾਂ ਯੋਗਤਾ ਦੇ ਆਧਾਰ 'ਤੇ ਮੌਕਾ ਮਿਲੇਗਾ। ਮੈਂ ਮਾਪਿਆਂ ਨੂੰ ਅਪੀਲ ਕਰਦਾ ਹਾਂ ਕਿ ਉਹ ਆਪਣੇ ਬੱਚਿਆਂ ਨੂੰ ਸਿੱਖਿਆ ਅਤੇ ਸਖ਼ਤ ਮਿਹਨਤ 'ਤੇ ਧਿਆਨ ਕੇਂਦਰਿਤ ਕਰਨ ਲਈ ਉਤਸ਼ਾਹਿਤ ਕਰਨ। ਸਾਡੀ ਸਰਕਾਰ ਇੱਕ ਪਾਰਦਰਸ਼ੀ ਭਰਤੀ ਪ੍ਰਕਿਰਿਆ ਰਾਹੀਂ ਰੁਜ਼ਗਾਰ ਦੇ ਨਵੇਂ ਰਸਤੇ ਖੋਲ੍ਹਣਾ ਜਾਰੀ ਰੱਖੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੀ ਅਮੀਰ ਸੱਭਿਆਚਾਰਕ ਪਛਾਣ ਅਤੇ ਵਿਰਾਸਤ ਨੂੰ ਸੰਭਾਲਣਾ ਉਨ੍ਹਾਂ ਦੀ ਸਰਕਾਰ ਲਈ ਹਮੇਸ਼ਾ ਤਰਜੀਹ ਰਹੇਗਾ।

ਲੋਕਾਂ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਹੋਰ ਮਹਾਨ ਸ਼ਹੀਦਾਂ ਤੋਂ ਪ੍ਰੇਰਨਾ ਲੈਣ ਦਾ ਸੱਦਾ ਦਿੰਦੇ ਹੋਏ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸਾਨੂੰ ਪੰਜਾਬ ਦੀ ਸ਼ਾਨ ਨੂੰ ਬਹਾਲ ਕਰਨ ਲਈ ਇਕੱਠੇ ਹੋ ਕੇ ਕੰਮ ਕਰਨਾ ਚਾਹੀਦਾ ਹੈ। ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਸਭ ਤੋਂ ਵੱਡੀ ਸ਼ਰਧਾਂਜਲੀ ਉਨ੍ਹਾਂ ਦੇ ਸੁਪਨਿਆਂ ਦਾ ਪੰਜਾਬ, ਨਸ਼ਿਆਂ, ਬੇਰੁਜ਼ਗਾਰੀ, ਵਿਤਕਰੇ ਅਤੇ ਬੇਇਨਸਾਫ਼ੀ ਤੋਂ ਮੁਕਤ ਪੰਜਾਬ ਬਣਾਉਣਾ ਹੋਵੇਗਾ, ਜਿੱਥੇ ਹਰ ਬੱਚੇ ਨੂੰ ਮਿਆਰੀ ਸਿੱਖਿਆ ਮਿਲੇ, ਹਰ ਪਰਿਵਾਰ ਨੂੰ ਸਿਹਤ ਸੰਭਾਲ ਮਿਲੇ ਅਤੇ ਹਰ ਯੋਗ ਨੌਜਵਾਨ ਨੂੰ ਤਰੱਕੀ ਦਾ ਮੌਕਾ ਮਿਲੇ।

ਉਨ੍ਹਾਂ ਕਿਹਾ ਕਿ ਅਜਿਹੇ ਯਾਦਗਾਰੀ ਸਮਾਗਮਾਂ ਨੇ ਨੌਜਵਾਨ ਪੀੜ੍ਹੀਆਂ ਨੂੰ ਪੰਜਾਬ ਦੇ ਮਹਾਨ ਸਪੂਤਾਂ ਦੇ ਸ਼ਾਨਦਾਰ ਇਤਿਹਾਸ ਅਤੇ ਬੇਮਿਸਾਲ ਕੁਰਬਾਨੀਆਂ ਨਾਲ ਜੋੜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਪੰਜਾਬ ਵਿੱਚ ਝੋਨੇ ਦੀ ਲਿਫਟਿੰਗ ਨੇ ਰਿਕਾਰਡ 150 ਲੱਖ ਮੀਟ੍ਰਿਕ ਟਨ ਦਾ ਅੰਕੜਾ ਕੀਤਾ ਪਾਰ

ਚੰਡੀਗੜ੍ਹ, 21 ਨਵੰਬਰ
-ਸ਼ਹੀਦ-ਏ-ਆਜ਼ਮ-ਬਿਊਰੋ-

ਸੂਬੇ ਵਿੱਚ ਝੋਨੇ ਦੀ ਖਰੀਦ ਦਾ ਕੰਮ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਅਤੇ ਖੁਰਾਕ, ਸਿਵਲ ਸਪਲਾਈ, ਖਪਤਕਾਰ ਮਾਮਲੇ ਮੰਤਰੀ ਸ਼੍ਰੀ ਲਾਲ ਚੰਦ ਕਟਾਰੂਚੱਕ ਦੀ ਨਿੱਜੀ ਨਿਗਰਾਨੀ ਹੇਠ ਸੁਚਾਰੂ ਢੰਗ ਨਾਲ ਅਤੇ ਤੇਜ਼ ਰਫ਼ਤਾਰ ਨਾਲ ਜਾਰੀ ਹੈ।

ਮੰਡੀਆਂ ਵਿੱਚ ਝੋਨੇ ਦੀ ਕੁੱਲ ਆਮਦ 186 ਲੱਖ ਮੀਟ੍ਰਿਕ ਟਨ (ਐਲ.ਐਮ.ਟੀ.) ਦਾ ਅੰਕੜਾ ਪਾਰ ਕਰ ਗਈ ਹੈ, ਜਿਸ ਵਿੱਚੋਂ 183 ਲੱਖ ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ।

ਮੁੱਖ ਮੰਤਰੀ ਅਤੇ ਖੁਰਾਕ, ਸਿਵਲ ਸਪਲਾਈ, ਖਪਤਕਾਰ ਮਾਮਲੇ ਮੰਤਰੀ ਦੀ ਅਗਵਾਈ ਹੇਠ ਹਾਸਿਲ ਕੀਤੀ ਇੱਕ ਵੱਡੀ ਪ੍ਰਾਪਤੀ ਤਹਿਤ ਝੋਨੇ ਦੀ ਲਿਫਟਿੰਗ ਨੇ ਰਿਕਾਰਡ 150 ਲੱਖ ਮੀਟ੍ਰਿਕ ਟਨ ਦਾ ਅੰਕੜਾ ਪਾਰ ਕਰ ਲਿਆ ਹੈ। 72 ਘੰਟਿਆਂ ਦੀ ਖਰੀਦ ਦੇ ਮੁਕਾਬਲੇ ਚੁਕਾਈ ਦੀ ਪ੍ਰਤੀਸ਼ਤਤਾ 85.99 ਫ਼ੀਸਦੀ ਹੈ।

ਸੂਬਾ ਸਰਕਾਰ ਕਿਸਾਨਾਂ ਲਈ ਸਮੇਂ ਸਿਰ ਚੁਕਾਈ ਅਤੇ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਉਣ ਲਈ ਬਹੁ-ਪੱਧਰੀ ਤਾਲਮੇਲ 'ਤੇ ਜ਼ੋਰ ਦੇ ਰਹੀ ਹੈ। ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਮੰਤਰੀ ਸ਼੍ਰੀ ਲਾਲ ਚੰਦ ਕਟਾਰੂਚੱਕ ਅਨੁਸਾਰ ਸੂਬਾ ਸਰਕਾਰ ਕਿਸਾਨ ਭਾਈਚਾਰੇ ਵੱਲੋਂ ਸਖ਼ਤ ਮਿਹਨਤ ਨਾਲ ਪੈਦਾ ਕੀਤੇ ਗਏ ਦਾਣੇ-ਦਾਣੇ ਦੀ ਖਰੀਦ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਹੁਣ ਤੱਕ 8,28,793 ਕਿਸਾਨਾਂ ਨੂੰ 42,404 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਜਾ ਚੁੱਕੀ ਹੈ।

ਨਸ਼ਿ

ਸਾਵਧਾਨ ! ਜੇ ਪਾਰਟਨਰ 'ਚ ਦਿਖਣ ਇਹ 5 ਬਦਲਾਅ, ਤਾਂ ਸਮਝ ਲਓ ਤੁਹਾਡੇ ਰਿਸ਼ਤੇ 'ਚ ਹੋ ਚੁੱਕੀ ਹੈ ਕਿਸੇ ਤੀਜੇ ਦੀ ਐਂਟਰੀ

ਕੌਮੀ ਪੜ੍ਹਿਕਾ

ਨਵੀਂ ਦਿੱਲੀ 21 ਨਵੰਬਰ। ਅੱਜਕੱਲ੍ਹ ਰਿਸ਼ਤਿਆਂ ਦੀ ਦੁਨੀਆ ਜਿੰਨੀ ਆਧੁਨਿਕ ਹੋ ਗਈ ਹੈ, ਓਨੀ ਹੀ ਉਲਝਣਾਂ ਭਰੀ ਵੀ ਹੈ। ਹਰ ਰੋਜ਼ ਡੇਟਿੰਗ ਦੇ ਨਵੇਂ-ਨਵੇਂ ਟ?ਰੈਂਡ ਸਾਹਮਣੇ ਆਉਂਦੇ ਹਨ, ਜਿਨ੍ਹਾਂ ਵਿੱਚੋਂ ਕੁਝ ਇੰਨੇ ਖ਼ਤਰਨਾਕ ਹੁੰਦੇ ਹਨ ਕਿ ਕਿਸੇ ਇਨਸਾਨ ਦਾ ਦਿਲ ਅਤੇ ਭਰੋਸਾ ਦੋਵੇਂ ਬੁਰੀ ਤਰ੍ਹਾਂ ਤੋੜ ਸਕਦੇ ਹਨ। ਇਨ੍ਹਾਂ ਵਿੱਚੋਂ ਹੀ ਇੱਕ ਬੇਹੱਦ ਟੌਕਸਿਕ ਅਤੇ ਚਰਚਾ ਵਿੱਚ ਰਹਿਣ ਵਾਲਾ ਟ?ਰੈਂਡ ਹੈ- 'ਮੰਕੀ ਬ੍ਰਾਂਚਿੰਗ'। ਜੇਕਰ ਤੁਸੀਂ ਕਿਸੇ ਗੰਭੀਰ ਰਿਸ਼ਤੇ ਵਿੱਚ ਹੋ ਤਾਂ ਤੁਹਾਨੂੰ ਇਸ ਸ਼ਬਦ ਬਾਰੇ ਜ਼ਰੂਰ ਪਤਾ ਹੋਣਾ ਚਾਹੀਦਾ ਹੈ। ਆਓ ਆਸਾਨ ਸ਼ਬਦਾਂ ਵਿੱਚ ਸਮਝਦੇ ਹਾਂ ਕਿ ਇਹ ਕੀ ਹੈ, ਲੋਕ ਅਜਿਹਾ ਕਿਉਂ ਕਰਦੇ ਹਨ ਅਤੇ ਇਸ ਦੇ ਸਭ ਤੋਂ ਵੱਡੇ ਰੈੱਡ ਫਲੈਗ ਕੀ ਹਨ। ਕੀ ਤੁਸੀਂ ਕਦੇ ਕਿਸੇ ਬਾਂਦਰ ਨੂੰ ਦਰੱਖਤ ਦੀ ਇੱਕ ਟਾਹਣੀ ਤੋਂ ਦੂਜੀ ਟਾਹਣੀ 'ਤੇ ਛਾਲ ਮਾਰਦੇ ਦੇਖਿਆ ਹੈ? ਉਹ ਉਦੋਂ ਤੱਕ ਪਹਿਲੀ ਟਾਹਣੀ ਨਹੀਂ ਛੱਡਦਾ, ਜਦੋਂ ਤੱਕ ਉਸ ਦੇ ਹੱਥ ਵਿੱਚ ਦੂਜੀ ਟਾਹਣੀ ਮਜ਼ਬੂਤੀ ਨਾਲ ਨਹੀਂ ਆ ਜਾਂਦੀ। ਬਿਲਕੁਲ ਇਸੇ ਸਿਧਾਂਤ 'ਤੇ ਆਧਾਰਿਤ ਹੈ ਮੰਕੀ ਬ੍ਰਾਂਚਿੰਗ। ਰਿਸ਼ਤਿਆਂ ਦੇ ਮਾਮਲੇ ਵਿੱਚ ਜਦੋਂ ਕੋਈ ਵਿਅਕਤੀ ਆਪਣੇ ਮੌਜੂਦਾ ਰਿਸ਼ਤੇ ਨੂੰ ਖ਼ਤਮ ਕੀਤੇ ਬਿਨਾਂ ਹੀ ਕਿਸੇ ਦੂਜੇ ਇਨਸਾਨ ਨਾਲ ਭਾਵਨਾਤਮਕ ਜਾਂ ਰੋਮਾਂਟਿਕ ਤੌਰ 'ਤੇ ਜੁੜਨ ਲੱਗਦਾ ਹੈ ਤਾਂ ਇਸ ਨੂੰ ਮੰਕੀ ਬ੍ਰਾਂਚਿੰਗ ਕਿਹਾ ਜਾਂਦਾ ਹੈ। ਆਸਾਨ ਭਾਸ਼ਾ ਵਿੱਚ ਕਹੀਏ ਤਾਂ ਇਹ ਇੱਕ ਬੈਕਅੱਪ ਪਲਾਨ ਤਿਆਰ ਕਰਨਾ ਹੈ। ਇਨਸਾਨ ਆਪਣੇ ਮੌਜੂਦਾ ਪਾਰਟਨਰ ਨਾਲ ਉਦੋਂ ਤੱਕ ਬਣਿਆ ਰਹਿੰਦਾ ਹੈ, ਜਦੋਂ ਤੱਕ ਉਹ ਕਿਸੇ ਨਵੇਂ ਰਿਸ਼ਤੇ ਵਿੱਚ ਪੂਰੀ ਤਰ੍ਹਾਂ ਸੈੱਟ ਨਹੀਂ ਹੋ ਜਾਂਦਾ। ਇਸ ਦੇ ਪਿੱਛੇ ਕਈ ਮਨੋਵਿਗਿਆਨਕ ਕਾਰਨ ਹੁੰਦੇ ਹਨ, ਪਰ ਸਭ ਤੋਂ ਵੱਡਾ ਕਾਰਨ ਹੈ ਇਕੱਲੇਪਣ ਦਾ ਡਰ। ਅਜਿਹੇ ਲੋਕ ਆਪਣੇ ਆਪ ਇਕੱਲੇ ਖ਼ੁਸ਼ ਨਹੀਂ



ਰਹਿ ਸਕਦੇ। ਉਨ੍ਹਾਂ ਨੂੰ ਹਮੇਸ਼ਾ ਕਿਸੇ ਨਾ ਕਿਸੇ ਦੇ ਸਹਾਰੇ ਜਾਂ ਧਿਆਨ ਦੀ ਲੋੜ ਹੁੰਦੀ ਹੈ। ਦੂਜਾ ਕਾਰਨ ਹੈ ਰਿਸ਼ਤੇ ਤੋਂ ਬੋਰ ਹੋ ਜਾਣਾ। ਜਦੋਂ ਸ਼ੁਰੂਆਤੀ ਰੋਮਾਂਸ ਅਤੇ ਖਿੱਚ ਘੱਟ ਹੋਣ ਲੱਗਦੀ ਹੈ ਤਾਂ ਇਹ ਲੋਕ ਰਿਸ਼ਤੇ ਨੂੰ ਸੁਧਾਰਨ ਜਾਂ ਆਪਸੀ ਗੱਲਬਾਤ ਰਾਹੀਂ ਮਸਲਾ ਸੁਲਝਾਉਣ ਦੀ ਬਜਾਏ ਬਾਹਰ ਕੋਈ ਨਵਾਂ ਰੋਮਾਂਚ ਲੱਭਣ ਲੱਗਦੇ ਹਨ। ਇਸ ਤੋਂ ਇਲਾਵਾ, ਬ੍ਰੇਕਅੱਪ ਦੇ ਸਿੱਧੇ ਦਰਦ ਅਤੇ ਜਵਾਬਦੇਹੀ ਤੋਂ ਬਚਣ ਲਈ ਵੀ ਲੋਕ ਪਹਿਲਾਂ ਹੀ ਕਿਸੇ ਨਵੇਂ ਰਿਸ਼ਤੇ ਵਿੱਚ ਆਪਣੀ ਜਗ?ਹਾ ਪੱਕੀ ਕਰਨਾ ਬਿਹਤਰ ਸਮਝਦੇ ਹਨ। ਜੇਕਰ ਤੁਹਾਨੂੰ ਆਪਣੇ ਰਿਸ਼ਤੇ ਵਿੱਚ ਕੁਝ ਅਜੀਬ ਮਹਿਸੂਸ ਹੋ ਰਿਹਾ ਹੈ ਤਾਂ ਇਨ੍ਹਾਂ ਗੱਲਾਂ ਵੱਲ ਧਿਆਨ ਦਿਓ। ਇਹ ਮੰਕੀ ਬ੍ਰਾਂਚਿੰਗ ਦੇ ਸੰਕੇਤ ਹੋ ਸਕਦੇ ਹਨ। ਜੇਕਰ ਤੁਹਾਡੇ ਪਾਰਟਨਰ ਦੀ ਜ਼ਿੰਦਗੀ ਵਿੱਚ ਅਚਾਨਕ ਕਿਸੇ ਨਵੇਂ ਇਨਸਾਨ ਦੀ ਐਂਟਰੀ ਹੋਈ ਹੈ, ਜਿਸ ਨਾਲ ਉਹ ਦਿਨ-ਰਾਤ ਚੈਟ ਕਰਦੇ ਹਨ ਅਤੇ ਪੁੱਛਣ 'ਤੇ ਕਹਿੰਦੇ ਹਨ ਕਿ ਅਰੇ, ਅਸੀਂ ਤਾਂ ਸਿਰਫ਼ ਚੰਗੇ ਦੋਸਤ ਹਾਂ, ਤਾਂ ਤੁਹਾਨੂੰ ਸਾਵਧਾਨ ਹੋ ਜਾਣਾ ਚਾਹੀਦਾ ਹੈ। ਕੀ ਤੁਹਾਡਾ ਪਾਰਟਨਰ ਹੁਣ ਆਪਣਾ ਫ਼ੋਨ ਹਮੇਸ਼ਾ ਉਲਟਾ ਰੱਖਦਾ ਹੈ? ਕੀ ਉਸ ਨੇ ਹਰ ਐਪ 'ਤੇ ਨਵੇਂ ਪਾਸਵਰਡ ਲਗਾ ਦਿੱਤੇ ਹਨ ਅਤੇ ਤੁਹਾਡੇ ਸਾਹਮਣੇ ਫ਼ੋਨ ਵਰਤਣ ਤੋਂ ਕਤਰਾਉਂਦਾ ਹੈ? ਇਹ ਗੱਲਾਂ ਧੋਖਾਧੜੀ ਅਤੇ ਮੰਕੀ ਬ੍ਰਾਂਚਿੰਗ ਦਾ ਵੱਡਾ ਸੰਕੇਤ ਹੋ ਸਕਦੀਆਂ ਹਨ। ਜੇਕਰ ਤੁਹਾਡਾ ਪਾਰਟਨਰ ਬਿਨਾਂ ਕਿਸੇ ਵਜ?ਹਾ ਛੋਟੀਆਂ-ਛੋਟੀਆਂ ਗੱਲਾਂ 'ਤੇ ਵੱਡਾ ਝਗੜਾ ਕਰਨ ਲੱਗਾ ਹੈ ਅਤੇ ਵਾਰ-ਵਾਰ ਮੈਨੂੰ ਸਪੇਸ ਚਾਹੀਦੀ ਹੈ ਜਾਂ ਮੈਨੂੰ ਇਕੱਲਾ ਛੱਡ ਦਿਓ ਵਰਗੀਆਂ ਗੱਲਾਂ ਕਹਿੰਦਾ ਹੈ ਤਾਂ ਹੋ ਸਕਦਾ ਹੈ ਕਿ ਉਹ ਹੌਲੀ-ਹੌਲੀ ਇਸ ਰਿਸ਼ਤੇ ਤੋਂ ਬਾਹਰ ਨਿਕਲਣ ਦਾ ਰਸਤਾ ਬਣਾ ਰਿਹਾ ਹੋਵੇ। ਜਿਹੜਾ ਪਾਰਟਨਰ ਕੱਲ੍ਹ ਤੱਕ ਤੁਹਾਡੇ ਨਾਲ ਵਿਆਹ ਜਾਂ ਭਵਿੱਖ ਦੀਆਂ ਯਾਤਰਾਵਾਂ ਦੀ ਯੋਜਨਾ ਬਣਾਉਂਦਾ ਸੀ, ਜੇਕਰ ਉਹ ਅਚਾਨਕ ਭਵਿੱਖ ਬਾਰੇ ਗੱਲ ਕਰਨ ਤੋਂ ਕਤਰਾਉਣ ਲੱਗੇ ਜਾਂ ਗੱਲਾਂ ਨੂੰ ਘੁਮਾ ਦੇਵੇ ਤਾਂ ਸਮਝ ਲਓ ਕਿ ਉਸ ਦਾ ਧਿਆਨ ਹੁਣ ਕਿਤੇ ਹੋਰ ਹੈ। ਤੁਹਾਨੂੰ ਮਹਿਸੂਸ ਹੋਣ ਲੱਗੇਗਾ ਕਿ ਤੁਸੀਂ ਦੋਵੇਂ ਇੱਕੋ ਕਮਰੇ ਵਿੱਚ ਹੋਣ ਦੇ ਬਾਵਜੂਦ ਮੀਲਾਂ ਦੂਰ ਹੋ। ਉਹ ਤੁਹਾਡੀਆਂ ਗੱਲਾਂ, ਤੁਹਾਡੀ ਦਿਨ ਭਰ ਦੀ ਰੁਟੀਨ ਜਾਂ ਤੁਹਾਡੀਆਂ ਭਾਵਨਾਵਾਂ ਵਿੱਚ ਕੋਈ ਦਿਲਚਸਪੀ ਨਹੀਂ ਦਿਖਾਉਣਗੇ। ਸਭ ਤੋਂ ਪਹਿਲਾਂ ਆਪਣੇ ਆਪ 'ਤੇ ਸ਼ੱਕ ਕਰਨਾ ਬੰਦ ਕਰੋ। ਜੇਕਰ ਤੁਹਾਡੇ ਮਨ ਵਿੱਚ ਇਹ ਸ਼ੱਕ ਪੈਦਾ ਹੋ ਰਿਹਾ ਹੈ ਕਿ ਕੁਝ ਗ਼ਲਤ ਹੈ ਤਾਂ ਕਈ ਮਾਮਲਿਆਂ ਵਿੱਚ ਤੁਹਾਡਾ ਅੰਦਾਜ਼ਾ ਸਹੀ ਵੀ ਹੋ ਸਕਦਾ ਹੈ। ਆਪਣੇ ਪਾਰਟਨਰ ਨਾਲ ਖੁੱਲ੍ਹ ਕੇ, ਪਰ ਸ਼ਾਂਤੀ ਨਾਲ ਗੱਲ ਕਰੋ। ਉਨ੍ਹਾਂ ਤੋਂ ਸਿੱਧੇ ਸਵਾਲ ਪੁੱਛੋ। ਜੇਕਰ ਉਹ ਗੱਲਾਂ ਨੂੰ ਘੁਮਾਉਂਦੇ ਹਨ, ਤੁਹਾਨੂੰ ਹੀ 'ਓਵਰਥਿੰਕਰ' ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਨ ਜਾਂ ਆਪਣੀ ਗਲਤੀ ਨਹੀਂ ਮੰਨਦੇ ਤਾਂ ਤੁਹਾਨੂੰ ਸਮਝ ਜਾਣਾ ਚਾਹੀਦਾ ਹੈ ਕਿ ਹੁਣ ਅੱਗੇ ਕੀ ਕਰਨਾ ਹੈ। ਕੋਈ ਵੀ ਰਿਸ਼ਤਾ ਤੁਹਾਡੇ ਸਵੈ-ਮਾਣ ਅਤੇ ਮਾਨਸਿਕ ਸ਼ਾਂਤੀ ਤੋਂ ਵੱਧ ਮਹੱਤਵਪੂਰਨ ਨਹੀਂ ਹੋ ਸਕਦਾ। ਅਜਿਹੇ ਟੌਕਸਿਕ ਰਿਸ਼ਤੇ ਦੀ ਟਾਹਣੀ ਤੋਂ ਖ਼ੁਦ ਹੀ ਛਾਲ ਮਾਰ ਕੇ ਬਾਹਰ ਨਿਕਲਣਾ ਸਭ ਤੋਂ ਬਿਹਤਰ ਵਿਕਲਪ ਹੋ ਸਕਦਾ ਹੈ।

ਪੰਜਾਬ ਦੇ ਅੰਨਦਾਤਿਆਂ ਨੂੰ ਮਿਲਿਆ ਡੇਢ ਕਰੋੜ ਦਾ ਸਿੱਧਾ ਲਾਭ ! ਖਾਦ ਸਬਸਿਡੀ 'ਚ 64% ਵਾਧੇ 'ਤੇ ਬੋਲੇ ਭਾਜਪਾ ਆਗੂ ਕੇਵਲ ਸਿੰਘ ਢਿੱਲੋਂ

ਕੌਮੀ ਪੜ੍ਹਿਕਾ

ਚੰਡੀਗੜ੍ਹ 21 ਨਵੰਬਰ। ਭਾਰਤੀ ਜਨਤਾ ਪਾਰਟੀ ਪੰਜਾਬ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਹਾੜ੍ਹੀ ਦੇ 2026-27 ਸੀਜ਼ਨ (1 ਅਕਤੂਬਰ 2026 ਤੋਂ 31 ਮਾਰਚ 2027) ਲਈ ਫਾਸਫੇਟਿਕ ਅਤੇ ਪੋਟਾਸ਼ਿਕ (ਪੀਐੱਡਕੇ) ਖਾਦਾਂ ਵਾਸਤੇ 62,370.02 ਕਰੋੜ ਰੁਪਏ ਦੀ ਸਬਸਿਡੀ ਨੂੰ ਮਨਜ਼ੂਰੀ ਦੇਣ ਲਈ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਅਤੇ ਕੇਂਦਰੀ ਮੰਤਰੀ ਮੰਡਲ ਦਾ ਦਿਲੋਂ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਹਾੜ੍ਹੀ ਸੀਜ਼ਨ ਦੇ 37,952.29 ਕਰੋੜ ਰੁਪਏ ਦੇ ਮੁਕਾਬਲੇ 24,417.73 ਕਰੋੜ ਰੁਪਏ ਦਾ ਵਾਧਾ ਕੀਤਾ ਗਿਆ ਹੈ। ਇਹ 64.3 ਫ਼ੀਸਦੀ ਦਾ ਇਤਿਹਾਸਕ ਕਦਮ ਹੈ, ਜੋ ਕੇਂਦਰ ਸਰਕਾਰ ਦੀ ਕਿਸਾਨ-ਪੱਖੀ ਸੋਚ ਦਾ ਸਿੱਧਾ ਸਬੂਤ ਹੈ। ਢਿੱਲੋਂ ਨੇ ਕਿਹਾ ਕਿ ਪੱਛਮੀ ਏਸ਼ੀਆ ਦੇ ਗੰਭੀਰ ਸੰਕਟ ਅਤੇ ਰੂਸ-ਯੂਕਰੇਨ ਜੰਗ ਕਾਰਨ ਕੌਮਾਂਤਰੀ ਬਾਜ਼ਾਰ ਵਿੱਚ ਖਾਦਾਂ ਅਤੇ ਕੱਚੇ ਮਾਲ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹਨ। ਇਸ ਵਿਸ਼ਵਵਿਆਪੀ ਅਸਥਿਰਤਾ ਦੇ



ਬਾਵਜੂਦ ਮੋਦੀ ਸਰਕਾਰ ਨੇ ਨਿਊਟ?ਰੀਐਂਟ ਬੇਸਡ ਸਬਸਿਡੀ ਦੀਆਂ ਦਰਾਂ ਵਿੱਚ ਸੋਧ ਕਰਕੇ ਡੀਏਪੀ ਅਤੇ ਐੱਨਪੀਕੇਐੱਸ ਸਮੇਤ ਪੀਐੱਡਕੇ ਖਾਦਾਂ ਦੇ 28 ਗ੍ਰੇਡਾਂ ਦਾ ਸਾਰਾ ਵਾਧੂ ਵਿੱਤੀ ਬੋਝ ਖ਼ੁਦ ਚੁੱਕਿਆ ਹੈ। ਇਸ ਦੇ ਨਤੀਜੇ ਵਜੋਂ ਕੌਮਾਂਤਰੀ ਕੀਮਤਾਂ ਵਧਣ ਦੇ ਬਾਵਜੂਦ ਕਿਸਾਨਾਂ ਨੂੰ ਡੀਏਪੀ ਦੀ 50 ਕਿਲੋ ਵਾਲੀ ਬੋਰੀ ਪਹਿਲਾਂ ਵਾਂਗ ਹੀ 1,350 ਰੁਪਏ ਦੀ ਸਥਿਰ ਕੀਮਤ 'ਤੇ ਮਿਲਦੀ ਰਹੇਗੀ। ਭਾਜਪਾ ਪੰਜਾਬ ਦੇ ਪ੍ਰਧਾਨ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਹੁਣ ਤੱਕ ਪੰਜਾਬ ਦੇ ਕਿਸਾਨਾਂ ਨੂੰ 1,50,000 ਕਰੋੜ ਰੁਪਏ (1.50 ਲੱਖ ਕਰੋੜ ਰੁਪਏ) ਦੀ ਖਾਦ ਸਬਸਿਡੀ ਦਾ ਸਿੱਧਾ ਲਾਭ ਪਹੁੰਚਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਕਣਕ ਅਤੇ ਹੋਰ ਹਾੜ੍ਹੀ ਦੀਆਂ ਫ਼ਸਲਾਂ ਦੀ ਬਿਜਾਈ ਦੇ ਸਮੇਂ 62,370 ਕਰੋੜ ਰੁਪਏ ਦਾ ਇਹ ਪੈਕੇਜ ਪੰਜਾਬ ਦੀ ਖੇਤੀਬਾੜੀ ਅਰਥਵਿਵਸਥਾ ਲਈ ਵੱਡੀ ਰਾਹਤ ਹੈ। ਢਿੱਲੋਂ ਨੇ ਪੰਜਾਬ ਦੀ 'ਆਪ' ਸਰਕਾਰ ਤੋਂ ਮੰਗ ਕੀਤੀ ਕਿ ਕੇਂਦਰ ਵੱਲੋਂ ਭੇਜੀ ਜਾ ਰਹੀ ਸਬਸਿਡੀ ਵਾਲੀ ਖਾਦ ਦੀ ਸਹਿਕਾਰੀ ਸਭਾਵਾਂ ਅਤੇ ਮੰਡੀਆਂ ਰਾਹੀਂ ਨਿਰਵਿਘਨ ਵੰਡ ਯਕੀਨੀ ਬਣਾਈ ਜਾਵੇ, ਤਾਂ ਜੋ ਸੂਬੇ ਵਿੱਚ ਕਾਲਾਬਾਜ਼ਾਰੀ, ਜਮ?ਹਾਂਖੋਰੀ ਜਾਂ ਖਾਦ ਦੇ ਨਾਲ ਗ਼ੈਰ-ਜ਼ਰੂਰੀ ਵਸਤਾਂ ਦੀ ਜਬਰੀ ਟੈਗਿੰਗ ਕਰਕੇ ਕਿਸਾਨਾਂ ਦੀ ਲੁੱਟ ਨਾ ਹੋ ਸਕੇ।

ਹੈਲੀਕਾਪਟਰ 'ਚ ਲਾੜੀ ਦੀ ਸ਼ਾਹੀ ਐਂਟਰੀ ! ਦਾਜ ਸਿਰਫ਼ 1 ਰੁਪਿਆ, ਹਰ ਪਾਸੇ ਵਿਆਹ ਦੇ ਹੋ ਰਹੇ ਚਰਚੇ

ਯਮੁਨਾਨਗਰ 21 ਨਵੰਬਰ। ਸ਼ਾਹੀ ਅੰਦਾਜ਼ ਵਿਚ ਵਿਆਹ, ਆਸਮਾਨ ਤੋਂ ਹੈਲੀਕਾਪਟਰ ਨਾਲ ਲੈਡਿੰਗ ਅਤੇ ਲਾੜੀ ਦੀ ਸ਼ਾਨਦਾਰ ਐਂਟਰੀ...ਯਮੁਨਾਨਗਰ ਦੇ ਤਾਜੇਵਾਲਾ ਪਿੰਡ ਵਿਚ ਹੋਏ ਇਸ ਅਨੋਖੇ ਵਿਆਹ ਨੇ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚ ਲਿਆ ਹੈ। ਇਸ ਵਿਆਹ ਦੀ ਚਾਰੇ ਪਾਸੇ ਚਰਚਾ ਹੋ ਰਹੀ ਹੈ। ਜਾਣਕਾਰੀ ਮੁਤਾਬਕ ਤਾਜੇਵਾਲਾ ਪਿੰਡ ਦੇ ਰਹਿਣ ਵਾਲੇ ਸੰਨਵਰ ਰਾਓ ਨੇ ਆਪਣੇ ਪੁੱਤਰ ਸਲਮਾਨ ਰਾਓ ਦੇ ਵਿਆਹ ਨੂੰ ਯਾਦਗਾਰ ਬਣਾਉਣ ਲਈ ਕੁਝ ਵੱਖਰਾ ਕਰਨ ਦਾ ਫੈਸਲਾ ਕੀਤਾ ਸੀ। ਜਿਸ ਲਈ ਪਰਿਵਾਰ ਵਾਲਿਆਂ ਨੇ ਹੈਲੀਕਾਪਟਰ ਮੰਗਵਾਇਆ। ਇਸ ਦੌਰਾਨ ਵਿਆਹ ਦੀਆਂ ਰਸਮਾਂ ਪੂਰੀਆਂ ਹੋਣ ਤੋਂ ਬਾਅਦ ਅੰਬਾਲਾ ਜ਼ਿਲ੍ਹੇ ਦੇ ਪਿੰਡ ਨਸਦੋਲੀ ਤੋਂ ਲਾੜੀ ਹੈਲੀਕਾਪਟਰ 'ਤੇ ਸਵਾਰ ਹੋ ਕੇ ਆਪਣੇ ਸਹੁਰੇ ਤਾਜੇਵਾਲਾ ਪਹੁੰਚੀ। ਇਸ ਦੌਰਾਨ ਜਿਵੇਂ ਹੀ ਲਾੜੀ ਨੂੰ ਲੈ ਕੇ ਹੈਲੀਕਾਪਟਰ ਤਾਜੇਵਾਲਾ ਪਿੰਡ 'ਚ ਉਤਰਿਆ, ਲਾੜੀ ਦੀ ਇਕ ਝਲਕ ਦੇਣ ਲਈ ਲੋਕਾਂ ਦੀ ਭੀੜ ਇਕੱਠੀ ਹੋ ਗਈ। ਹੈਲੀਕਾਪਟਰ ਰਾਹੀਂ ਪਿੰਡ ਆਈ ਲਾੜੀ ਦੇ ਪਹੁੰਚਣ 'ਤੇ ਸ਼ਾਨਦਾਰ ਅਤੇ ਅਨੋਖਾ ਸੁਆਗਤ ਕੀਤਾ ਗਿਆ, ਜਿਸ ਦਾ ਜਸ਼ਨ ਦੇਖਣ ਲਈ ਲੋਕਾਂ ਦੀ ਕਾਫ਼ੀ ਭੀੜ ਸੀ। ਪਰਿਵਾਰ, ਲੋਕਾਂ ਅਤੇ ਰਿਸ਼ਤੇਦਾਰਾਂ ਨੇ ਇਸ ਖ਼ਾਸ ਪਲ ਨੂੰ ਆਪਣੇ ਕੈਮਰਿਆਂ ਵਿਚ ਕੈਦ ਕਰ ਲਿਆ। ਦੱਸ ਦੇਈਏ ਕਿ ਇਸ ਵਿਆਹ ਦੀ ਸਭ ਤੋਂ ਦਿਲਚਸਪ ਗੱਲ ਸਿਰਫ਼ ਲਾੜੀ ਦੀ ਹੈਲੀਕਾਪਟਰ ਨਾਲ ਐਂਟਰੀ ਨਹੀਂ ਸੀ, ਸਗੋਂ ਇਸ ਦੇ ਪਿੱਛੇ ਸਮਾਜਿਕ ਸੰਦੇਸ਼ ਸੀ। ਵਿਆਹ ਦੇ ਮੌਕੇ ਲਾੜੇ ਸਲਮਾਨ ਰਾਓ ਨੇ ਲਾੜੀ ਦੇ ਪਰਿਵਾਰ ਤੋਂ ਦਾਜ ਵਜੋਂ ਸਿਰਫ਼ ਇਕ ਰੁਪਏ ਲਏ ਹਨ। ਰਾਓ ਪਰਿਵਾਰ ਨੇ ਸ਼ਾਹੀ ਅੰਦਾਜ਼ ਵਿਚ ਵਿਆਹ ਕਰਨ ਦੇ ਬਾਵਜੂਦ ਦਹੇਜ ਦੇ ਨਾਮ 'ਤੇ ਲਾੜੀ ਦੇ ਪਰਿਵਾਰ 'ਤੇ ਕਿਸੇ ਤਰ੍ਹਾਂ ਦਾ ਆਰਥਿਤ ਬੋਝ ਨਹੀਂ ਪਾਇਆ।

ਸ਼ੂਟਿੰਗ ਸ਼ੁਰੂ ਕਰਨ ਤੋਂ ਪਹਿਲਾਂ ਹਾਦਸੇ ਦਾ ਸ਼ਿਕਾਰ ਹੋਇਆ ਮਸ਼ਹੂਰ ਅਦਾਕਾਰ

ਕੌਮੀ ਪੜ੍ਹਿਕਾ

ਮੁੰਬਈ 21 ਨਵੰਬਰ। ਅਦਾਕਾਰ ਵਰੁਣ ਧਵਨ ਨੇ ਹਾਲ ਹੀ ਵਿੱਚ ਸੋਸ਼ਲ ਮੀਡੀਆ 'ਤੇ ਆਪਣੀਆਂ ਸਮੁੰਦਰ ਕੰਢੇ ਬੀਤਾਈਆਂ ਛੁੱਟੀਆਂ ਦੀਆਂ ਕੁਝ ਫੋਟੋਆਂ ਅਤੇ ਪਲ ਸਾਂਝੇ ਕੀਤੇ ਹਨ। ਹਾਲਾਂਕਿ, ਇਹਨਾਂ ਮਜ਼ੇਦਾਰ ਛੁੱਟੀਆਂ ਦੇ ਅਪਡੇਟਸ ਵਿਚਕਾਰ, ਸਟੂਡੈਂਟ ਆਫ ਦਿ ਈਅਰ ਪ੍ਰਸਿੱਧ ਅਦਾਕਾਰ ਨੇ ਇਹ ਵੀ ਖੁਲਾਸਾ ਕੀਤਾ ਕਿ ਉਸਦੀ ਅਗਲੀ ਫਿਲਮ ਦੀ ਸ਼ੂਟਿੰਗ ਸ਼ੁਰੂ ਹੋਣ ਤੋਂ ਠੀਕ ਪਹਿਲਾਂ ਵਾਟਰ ਸਕੀਇੰਗ ਕਰਦੇ ਸਮੇਂ ਉਸਦੇ ਗੁੱਟ 'ਤੇ ਸੱਟ ਲੱਗ ਗਈ ਸੀ। ਕਈ ਫੋਟੋਆਂ ਸਾਂਝੀਆਂ ਕਰਦੇ ਹੋਏ, ਵਰੁਣ ਨੇ ਆਪਣੀਆਂ ਛੁੱਟੀਆਂ ਦੇ ਵੱਖ-ਵੱਖ ਤਜ਼ਰਬਿਆਂ ਦੀਆਂ ਝਲਕੀਆਂ ਸਾਂਝੀਆਂ ਕੀਤੀਆਂ। ਇਨ੍ਹਾਂ ਵਿੱਚ ਬੀਚ 'ਤੇ ਪੀਜ਼ਾ ਖਾਣਾ, ਤੈਰਾਕੀ ਕਰਨਾ, ਪੈਡਲ ਗੇਮਾਂ ਖੇਡਣਾ, ਸੂਰਜ ਡੁੱਬਣਾ ਦੇਖਣਾ ਅਤੇ ਸਰਫਿੰਗ ਕਰਨ ਦੀ ਕੋਸ਼ਿਸ਼ ਕਰਨਾ ਸ਼ਾਮਲ ਸੀ। ਇੱਕ ਕੈਪਸ਼ਨ ਵਿੱਚ, ਅਦਾਕਾਰ ਨੇ ਲਿਖਿਆ, ਇੱਕ ਸਤਰੰਗੀ ਪੀਂਘ ਦੇਖੀ। ਸਲਾਈਡ 7 ਜ਼ਰੂਰ ਦੇਖੋ, ਇਹ ਮੇਰੀ ਮਨਪਸੰਦ ਯਾਦ ਹੈ। ਇੱਕ ਹੋਰ ਫੋਟੋ ਸਾਂਝੀ ਕਰਦੇ ਹੋਏ, ਉਸਨੇ ਲਿਖਿਆ, ਬੀਚ 'ਤੇ ਪੀਜ਼ਾ ਖਾਧਾ। ਇਸ ਤੋਂ ਇਲਾਵਾ, ਉਸਨੇ ਛੋਟੇ ਕੈਪਸ਼ਨਾਂ ਵਿੱਚ ਹੋਰ ਅਨੁਭਵ ਸਾਂਝੇ ਕੀਤੇ, ਜਿਵੇਂ ਕਿ ਖੁੱਲ੍ਹੇ ਵਿੱਚ ਤੈਰਾਕੀ, ਪੈਡਲ ਗੇਮਾਂ ਖੇਡੀਆਂ ਅਤੇ ਸੂਰਜ ਡੁੱਬਦਾ ਦੇਖਿਆ। ਆਪਣੇ ਵਾਟਰ ਸਪੋਰਟਸ ਐਡਵੈਂਚਰ ਬਾਰੇ ਅਪਡੇਟ ਦਿੰਦੇ ਹੋਏ, ਵਰੁਣ ਨੇ ਲਿਖਿਆ, ਸ਼ੂਟਿੰਗ ਸ਼ੁਰੂ ਕਰਨ ਤੋਂ ਪਹਿਲਾਂ ਵਾਟਰ ਸਕੀਇੰਗ ਕਰ ਰਿਹਾ ਸੀ ਅਤੇ ਮੇਰੀ ਗੁੱਟ ਨੂੰ ਸੱਟ ਲੱਗ ਗਈ। ਅਦਾਕਾਰ ਦੀ ਇਸ ਪੋਸਟ ਤੋਂ ਉਸਦੀ ਦਿਲਚਸਪ ਛੁੱਟੀਆਂ ਦੀ ਝਲਕ ਦੇਖਣ ਨੂੰ ਮਿਲਦੀ ਹੈ। ਬਵਾਲ ਅਦਾਕਾਰ ਨੇ ਆਪਣੀਆਂ ਛੁੱਟੀਆਂ ਦੌਰਾਨ ਵਾਟਰ ਸਕੀਇੰਗ ਦਾ ਆਨੰਦ ਮਾਣਦੇ ਹੋਏ ਇੱਕ ਵੀਡੀਓ ਵੀ ਸਾਂਝਾ ਕੀਤਾ, ਜਿਸ ਵਿੱਚ ਉਨ੍ਹਾਂ ਦੇ ਵਾਟਰ ਐਡਵੈਂਚਰ ਦੀ ਝਲਕ ਦਿਖਾਈ ਦਿੱਤੀ। ਹਾਲਾਂਕਿ, ਇਸ ਗਤੀਵਿਧੀ ਦੌਰਾਨ ਉਨ੍ਹਾਂ ਦੇ ਗੁੱਟ 'ਤੇ ਸੱਟ ਲੱਗ ਗਈ ਸੀ ਅਤੇ ਅਜਿਹਾ ਉਨ੍ਹਾਂ ਦੇ ਅਗਲੇ ਪ੍ਰੋਜੈਕਟ ਦੀ ਸ਼ੂਟਿੰਗ ਸ਼ੁਰੂ ਕਰਨ ਤੋਂ ਠੀਕ ਪਹਿਲਾਂ ਹੋਇਆ ਹੈ। ਵਰੁਣ ਨੇ ਪਹਿਲਾਂ ਆਪਣੀਆਂ ਬੀਚ ਛੁੱਟੀਆਂ ਦੀਆਂ ਫੋਟੋਆਂ ਸਾਂਝੀਆਂ ਕੀਤੀਆਂ ਸਨ, ਜ